੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ

Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ

Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੨੩ ਜਿਲਦ ੩੦ ੧੮-੨੪ ਜੂਨ ੨੦੨੦, ੫-੧੧ ਹਾੜ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 23 Volume 30, 18-24 June 2020
Yearly Subscription India 250/-, Abroad 2500/- and Life Membership India 2500/-, Abroad 25000/-


# ਆਪੇ ਨੂੰ ਆਪੇ ਕੈਦ

❖ ਭਾਈ ਸਾਹਿਬ ਭਾਈ ਵੀਰ ਸਿੰਘ

**ਗੁਰਾ ਇਕ ਦੇਹਿ ਬੁਝਾਈ॥**
**ਸਭਨਾ ਜੀਆ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨ ਜਾਈ॥੫॥**

(ਜਪੁ ਜੀ)

ਮਾਇਆ ਦੀ ਖਿੱਚ ਨਾਲ ਖਿੱਚੇ ਜਾਣਾ ਮੋਹ ਹੈ। ਜੋ ਪਜਾਰ ਆਪਣੇ ਵੱਸ ਕੀਤਿਆਂ ਬੰਦਿਆਂ ਤੋਂ... ਉਮੈਦ (ਕਰੀਦਾ ਹੈ), ਉਹ ਕੈਦ ਤੇ ਗ਼ੁਲਾਮੀ ਹੈ ਤੇ ਅਕਾਲ ਪੁਰਖ ਦੀ ਮਿਹਰ ਨਾਲ:-

**ਹੋਂਦਾ ਫੜੀਅਗੁ ਨਾਨਕ ਜਾਣੁ॥**
**ਨਾ ਹਉ ਨਾ ਮੈ ਜੂਨੀ ਪਾਣੁ॥**

(ਵਾ: ਮਲਾ: ਮ ੧-੧੪, ਅੰਗ ੧੨੮੯)

ਹੋ ਜਾਂਦਾ ਹੈ।

ਮੈਂ ਤਾਂ ਤੁਹਾਡੇ ਆਪੇ ਨੂੰ ਤੁਹਾਡੇ ਹੀ ਆਪੇ ਦੀ ਕੈਦ ਤੋਂ ਛੁਡਾਉਂਦਾ ਹਾਂ ਤੇ ਕੂੜੇ ਦੀ ਪਾਲ ਤੁੜਾਉਂਦਾ ਹਾਂ। ਜਦੋਂ ਆਪਾ ਛੁੱਟਕੇ ਅਪਣੇ ਧੁਰੇ ਉੱਤੇ, ਅਪਣੀ ਓਟ ਉੱਤੇ ਆ ਜਾਂਦਾ ਹੈ ਉਹ ਆਪਣੇ ਸਰੂਪ ਦੇ ਰਸ ਨੂੰ ਮਾਣਦਾ ਹੈ। ਏਥੋਂ ਫੇਰ ਆਪਾ ਸਾਈਂ ਦੇ ਧਜਾਨ ਵਿਚ ਪੈਂਦਾ ਹੈ ਤੇ ਅੰਤ ਸਾਈਂ ਨਾਲ ਮਿਲ ਜਾਂਦਾ ਹੈ।......

ਫਿਰ ਸੁਤੰਤ੍ਰ ਹੋਈ ਆਤਮਾ ਵਿਚ ਜੋ ਉਸ ਦੇ ਸਰੂਪ ਦਾ ਗੁਣ ਪ੍ਰੇਮ ਹੈ, ਉਹ ਝਲਕਾ ਮਾਰੇ ਤਾਂ ਮਾਰੇ। ਪ੍ਰੇਮ ਤਾਂ ਆਪੇ ਦਾ ਸਰੂਪ ਹੈ। ਨਾਲੇ ਉਸ ਦਾ ਸਰੂਪ ਸੁਤੰਤ੍ਰਤਾ ਹੈ, ਕੈਦ ਨਹੀਂ ਹੈ। ਕੈਦ ਤਾਂ ਮੋਹ ਦੀ ਬ੍ਰਿਤੀ ਹੈ, ਜਿਸ ਤੋਂ ਛੁਡਾਉਂਦਾ... -ਵਾਹਿਗੁਰੂ ਛੁਡਾਉਂਦਾ- ਹੈ। ਜੋ ਆਤਮਾ ਸੁਤੰਤਰ ਹੈ ਉਹ ਉਸ ਇਲਾਹੀ ਜਲਵੇ ਵਿਚ ਹੈ, ਜਿਸ ਨੂੰ ਪ੍ਰੇਮ ਕਹੀਦਾ ਹੈ। ਪ੍ਰੇਮ ਵਾਹਿਗੁਰੂ ਹੈ, ਵਾਹਿਗੁਰੂ ਪ੍ਰੇਮ ਹੈ। ਸੁਤੰਤ੍ਰ ਰੂਹ ਵਾਹਿਗੁਰੂ-ਪ੍ਰੇਮ ਵਿਚ ਹੈ। ਉਸ ਦਾ ਸਰੂਪ ਪ੍ਰੇਮ ਹੈ, ਉਸ ਦੇ ਪ੍ਰੇਮ ਦਾ ਪ੍ਰਕਾਸ਼ ਐਉਂ ਹੈ ਜਿਵੇਂ ਸੂਰਜ ਦਾ ਪ੍ਰਕਾਸ਼ ਚਾਨਣਾ ਹੈ। ਇਸੇ ਪ੍ਰੇਮ ਨਾਲ ਮੋਹ ਮਾਯਾ ਦਾ ਹਨੇਰਾ ਤੁਟਦਾ ਹੈ, ਏਸੇ ਨਾਲ ਵਾਹਿਗੁਰੂ ਪਾਈਦਾ ਹੈ। ਪ੍ਰੇਮ ਸੁਤੰਤ੍ਰਤਾ ਵਾਲਾ ਰੰਗ ਹੈ, ਮੋਹ ਕੈਦ ਹੈ।......

ਸਾਰੇ ਆਪਣੀ ਕੁਦਰਤ (ਸ਼ਰੀਰ ਦੀ ਫਿਤਰਤ, ਦੇਹ ਦੇ ਸੁਭਾਵ) ਨੂੰ ਤੋੜ ਮਰੋੜ ਕੇ ਇਕ ਦਮ ਕੁਝ ਹੋਰ ਬਣਨਾ ਚਾਹੁੰਦੇ ਹਨ। ਸਰੀਰ ਦੇ ਅੰਦਰ ਜੋ ਤਾਕਤਾਂ ਹਨ ਇਨ੍ਹਾਂ ਨੂੰ ਪਾਪ ਰੂਪ ਸਮਝਕੇ, ਇਨ੍ਹਾਂ ਨੂੰ ਭੰਨ ਕੇ ਕਿਸੇ ਖਿਆਲੀ ਤਜਾਗ ਵਿਚ ਟਿਕਾਣਾ ਲੋੜਦੇ ਹਨ। ਕੋਈ ਮਨ ਨੂੰ ਰੱਬ ਬਣਾਕੇ ਟੁਰਦਾ ਹੈ ਤੇ ਨਹੀਂ ਸਮਝਦਾ ਕਿ ਨਫਸ ਰੱਬ ਦੇ ਤਖਤ ਤੇ ਬੈਠ ਗਿਆ ਹੈ, ਕੋਈ ਗ੍ਰਿਹਸਤ ਰਾਜ ਤੇ ਰਜੋ ਗੁਣੀ ਸੁਖ ਵਿਚ ਸਮਝਦਾ ਹੈ ਕਿ ਇਹੀ ਪਾਰ-ਗਿਰਾਮਤਾ ਹੈ।

ਇਹ ਸਰੀਰ ਇਕ ਟਿਕਾਣਾ ਹੈ, ਇਕ ਰਾਜ ਹੈ, ਕਿਸੇ ਪ੍ਰੋਜਨ ਲਈ ਹੈ। ਇਸ ਦੇ ਅੰਦਰ ਹਰ ਤਾਕਤ ਕਿਸੇ ਸੁਖ ਲਈ ਹੈ। ਸਾਰੀਆਂ ਤਾਕਤਾਂ ਸੁਰਤ ਦਾ ਆਧਾਰ ਹਨ, ਅੰਦਰ ਜੋ ਆਪਾ ਹੈ ਉਸ ਦੇ ਤਾਬਿਆ ਹਨ, ਪਰ ਆਪਾ ਇਨ੍ਹਾਂ ਦੇ ਹੇਠ ਲਗ ਜਾਂਦਾ ਹੈ ਤੇ ਇਹ ਤਾਕਤਾਂ ਬਲ ਪਾਕੇ ਆਪੇ ਨੂੰ ਨੱਪਦੀਆਂ ਹਨ। ਤੁਸੀਂ ਉਸ ਕੈਦ ਵਿਚ ਪਏ ਇਨ੍ਹਾਂ ਤਾਕਤਾਂ ਨੂੰ 'ਕੈਦ ਰੂਪ' ਸਮਝਕੇ ਕੱਟਦੇ ਹੋ, ਪਰ ਉਹ ਤੁਸਾਡੇ ਸਰੀਰ ਮੰਦਰ ਦੇ ਥੰਮ੍ਹੇ ਹਨ, ਜਿਨ੍ਹਾਂ ਦੇ ਢਹਿਣ ਨਾਲ ਢੈ ਜਾਂਦੇ ਹੋ ਤੇ ਜਦੋਂ ਰੱਬ ਦੇ ਨਾਮ ਹੇਠਾਂ ਕਿ ਧਰਮ ਦੇ ਨਾਮ ਹੇਠਾਂ ਕਿ ਕਿਸੇ ਭਲਿਆਈ ਦੇ ਭੇਖ ਵਿਚ ਕਿਸੇ ਤਾਕਤ ਨੂੰ ਫਿਰ ਪ੍ਰਕਾਸ਼ ਪਾਉਣ ਦਾ ਸਮਾਂ ਮਿਲਦਾ ਹੈ ਤਦ ਸੁਭਾਵ ਉਸ ਨੂੰ ਰਾਹ ਦੇਂਦਾ ਹੈ ਅਤੇ ਅਸਲੇ ਤੋਂ ਗਿਰਾਉ ਹੋ ਜਾਂਦਾ ਹੈ, ਐਉਂ ਤੁਸੀਂ ਡਿੱਗੇ। ਦਾਰੂ ਆਪਾ ਵਿਨਾਸ਼ਨ ਨਹੀਂ, ਦਾਰੂ ਇਹ ਹੈ ਕਿ ਸਭ ਤਾਕਤਾਂ ਪਰ ਵੱਸ ਪਾਓ, ਆਪੇ ਨੂੰ ਆਪੇ ਦੀ ਕੈਦ ਤੋਂ ਛੁਡਾਓ।

## ਅੰਦਰ


- ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ 3
- ਸੰਤ ਬਿਮਲਾ ਸਿੰਘ : ਪਿਆਰਾਂ ਦਾ ਸਾਈਂ 5
- Khalsa Raj on the Borders of Delhi 7
- ਭਾਈ ਬਾਜ਼ ਸਿੰਘ 9
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਆਪਾ ਅੰਦਰ ਸਰੀਰਕ, ਮਾਨਸਕ ਸਭ ਰੁਚੀਆਂ, ਤਾਕਤਾਂ, ਬ੍ਰਿਤੀਆਂ ਪਰ ਬਲ ਪਾਵੇ, ਆਪਣੇ ਤਾਬੇ ਕਰੇ ਤੇ ਆਪ ਇਸ ਘਰ ਦਾ ਠਾਕਰ ਬਣਕੇ ਅੰਦਰ ਰਾਜ ਕਰੇ। ਤਾਕਤਾਂ ਨੂੰ ਵੱਸ ਕਰੇ, ਤਾਕਤਾਂ ਤੋਂ ਬਲ, ਉਮਾਹ, ਹੁਲਾਰਾ ਲਏ; ਮਾਰੋ ਨਹੀਂ, ਮਾਰਨ ਨਾਲ ਆਪੇ ਪੈਰ ਕੁਹਾੜਾ ਮਾਰ ਬੈਠਦੇ ਹੋ, ਫਿਰ ਲੂਲੇ ਹੋਕੇ ਕਹਿੰਦੇ ਹੋ ਅਸੀਂ ਅਚੱਲ ਅਹਿੱਲ ਪਦ ਪ੍ਰਾਪਤ ਕੀਤਾ ਹੈ।

ਕੈਦ ਕਰਨ ਵਾਲੇ ਨੂੰ ਸਦਾ ਇਹ ਤੌਖਲਾ ਬਣ ਗਿਆ ਕਿ ਕਿਤੇ ਤੁਸੀਂ ਕੈਦ ਵਿੱਚੋਂ ਨਿਕਲ ਨਾ ਜਾਓ। ਦਿਨ-ਰਾਤ ਦਾ ਕੈਦੀਆਂ ਤੇ ਪਹਿਰਾ ਦੇਣਾ ਆਪ ਕੈਦ ਪੈਣ ਤੋਂ ਕਿਸ ਤਰ੍ਹਾਂ ਘੱਟ ਹੈ? ਪਰ ਕੈਦੀ ਨੇ ਇਸ ਕੈਦ ਨੂੰ ਐਸ਼੍ਵਰਜ ਜਾਤਾ। ਇਸੀ ਤਰ੍ਹਾਂ ਮਨੁੱਖ ਦਾ ਆਪਾ ਆਪੇ ਨਾਲ ਦਗ਼ੇ ਕਰਦਾ ਹੈ। ਆਪੇ ਨੂੰ ਚੀਨੋ, ਆਪੇ ਨੂੰ ਪਛਾਣੋ, ਆਪੇ ਦੀਆਂ ਚੋਰੀਆਂ ਤੇ ਠੱਗੀਆਂ ਦੇ ਦੇਖਣਹਾਰ ਬਣੋ, ਆਪੇ ਤੇ ਵੱਸ ਪਾਓ ਤੇ ਸੁਤੰਤ੍ਰ ਹੋ ਜਾਓ, ਫਿਰ ਤੁਸਾਨੂੰ ਆਪੇ ਦਾ ਜਲਵਾ ਦਿੱਸੇ। ਫਿਰ ਆਪੇ ਨੂੰ ਜਗਤ ਆਧਾਰ, ਜੋ ਸਾਰੇ ਬ੍ਰਹਮੰਡ ਦਾ ਆਸਰਾ ਹੈ, ਪ੍ਰਤੀਤ ਦੇ ਆਵੇ ਤੇ ਮਿਲ ਪਵੇ। ਫਿਰ ਸਦਾ ਸੁਖ ਮਿਲੇ।

ਪਰ ਰਾਹ ਲੰਮਾ ਹੈ, ਜੇਰੇ ਦੀ ਲੋੜ ਹੈ, ਮਨੁੱਖ ਦਾ ਸੁਭਾਵ, ਜੋ ਮੁੱਦਤਾਂ ਦਾ ਉਲਟ ਹੋ ਚੁੱਕਾ ਹੈ, ਛੇਤੀ ਨਾਲ ਇੱਕੋ ਗੱਲ ਸੁਣਕੇ ਆਪੇ ਤੇ ਕਾਬੂ ਨਹੀਂ ਪਾ ਸਕਦਾ। ਇਸ ਨੂੰ ਜਿਕੂੰ ਮੁੱਦਤਾਂ ਤੋਂ ਹੇਠਾਂ ਜਾਣ ਦਾ ਤੇ ਪੁੱਠੇ ਗੇੜ ਦਾ ਅਭਜਾਸ ਹੋਇਆ ਹੈ ਕੋਈ ਸਮਾਂ ਉੱਪਰ ਦੇ ਗੇੜ ਦਾ ਅਭਜਾਸ ਕਰਾਓ। ਅੰਦਰਲੇ ਨੂੰ ਚਰਨ ਸ਼ਰਨ ਰੱਖੋ, ਸ਼ਰਨ ਸੰਭਾਲੋ; ਸ਼ਰਨ ਤੋਂ ਦੂਰ ਨਾ ਜਾਓ। ਸ਼ਰਨ ਦਾ ਅਭਜਾਸ ਨਾਮ ਹੈ, ਨਿਰੰਤਰ ਨਾਮ ਵਿਚ ਵੱਸੋ, ਨਾਮ ਸਭ ਸੋਝੀਆਂ ਤੇ ਬਲ ਬਖਸ਼ੇਗਾ। ਸ਼ਰਨ ਵਿਚ ਵੱਸੋ, ਸਦਾ ਸ਼ਰਨ ਦੀ ਓਟ ਰਹੋ! ਸ਼ਰਨ ਦੇ ਆਸਰੇ ਆਪਾ ਆਪੇ ਨੂੰ ਚੀਨਦਾ ਹੈ, ਸ਼ਰਨ ਦੇ ਆਸਰੇ ਆਪਾ ਆਪੇ ਤੇ ਵਸੀਕਾਰ ਪਾਉਂਦਾ ਹੈ, ਸ਼ਰਨ ਦੇ ਆਸਰੇ ਆਪਾ ਸੁਤੰਤਰ ਹੋਕੇ ਸ਼ਰਨ ਵਿਚ ਸਮਾਈ ਪ੍ਰਾਪਤ ਕਰਦਾ ਹੈ, ਸ਼ਰਨ ਦੀ ਪ੍ਰਾਪਤੀ ਨਾਮ ਹੈ, ਨਾਮ ਕਦੇ ਨਾ ਭੁੱਲੋ।

**ਗੁਰਾ ਇਕ ਦੇਹਿ ਬੁਝਾਈ॥**
**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥**

**– ਅਮਰ ਲੇਖ, ਭਾਗ-੩** 'ਚੋਂ

# ਬਚਨ-ਬਿਲਾਸ

(1) ਸਿਮਰਨ ਕਰਨ ਨਾਲ ਆਦਮੀ ਸੱਚ ਦੇ ਨੇੜੇ ਹੁੰਦਾ ਜਾਂਦਾ ਹੈ। ਜਦ ਸੱਚ ਦੀ ਸਮਝ ਆਉਣ ਲੱਗਦੀ ਹੈ, ਜਿਨ੍ਹਾਂ ਦਾ ਮਤਲਬ ਦੁਨਿਆਵੀ ਐਸ਼੍ਵਰਜ ਹਾਸਲ ਕਰਨਾ ਸੀ, ਉਹ ਤਾਂ ਨਿਰਾਸ ਹੁੰਦੇ ਹਨ: ਜਿਨ੍ਹਾਂ ਦਾ ਮਨੋਰਥ ਪਰਮਾਰਥ ਹੁੰਦਾ ਹੈ; ਉਨ੍ਹਾਂ ਨੂੰ ਰਸ ਆਉਣ ਲਗਦਾ ਹੈ। ਜਦੋਂ ਤਕ ਪੂਰਾ ਰਸ ਨਾ ਆਏ ਉਹ ਵਕਤ ਔਖਾ ਹੁੰਦਾ ਹੈ। ਮਨ ਦੇ ਵੇਗ ਗਿਰਾ ਦਿੰਦੇ ਹਨ। ਇਸ ਮੁਸ਼ਕਲ ਦਾ ਹੱਲ ਗੁਰਮੁਖ ਦੀ ਸੰਗਤ ਹੁੰਦੀ ਹੈ। ਜੋ ਵਕਤ ਤੇ ਆ ਮਦਦ ਕਰਦਾ ਹੈ। ਸਤਿਗੁਰੂ ਨਾਨਕ ਦੇਵ ਨੇ ਜਦ ਧਾਣਕ ਰੂਪ ਧਾਰਿਆ ਸੀ, ਜਗਿਆਸੂ ਹੌਲੀ-ਹੌਲੀ ਕਿਰਦੇ ਗਏ। ਮਾਇਆ ਨੇ ਮਿਲਾਪ ਤੋਂ ਵਾਂਞੇ ਰਖੇ। ਸਿਰਫ ਭਾਈ ਲਹਿਣਾ ਜੀ ਹੀ ਕਾਮਯਾਬ ਹੋਏ। ਉਨ੍ਹਾਂ ਦਾ ਨਿਸ਼ਾਨਾ ਸਿਰਫ ਸਤਿਗੁਰੂ ਹੀ ਸਨ। ਸਿੱਖ ਨੂੰ ਚਾਹੀਦਾ ਹੈ, ਵਾਹਿਗੁਰੂ ਦੀ ਹੋਂਦ ਵਿਚ ਯਕੀਨ ਰਖੇ, ਮਨ ਵਿਚ ਉਸ ਦੀ ਯਾਦ ਹੋਵੇ, ਤੇ ਯਥਾ ਸ਼ਕਤ ਭਲਾਈ ਕਰੇ। ਯਾ ਘੱਟੋ-ਘੱਟ ਕਿਸੇ ਨਾਲ ਬੁਰਾਈ ਨਾ ਕਰੇ। ਕਿਸੇ ਦਾ ਬੁਰਾ ਨਾ ਕਰਨਾ ਹੀ ਚੰਗਾ ਹੈ, ਜੇ ਭਲਾ ਕਰਨ ਦੀ ਸਮਰੱਥਾ ਨਾ ਹੋਵੇ ਤਾਂ।

(2) ਵੀਰਜ ਦਾ ਨੀਵਾਂ ਇਸਤੇਮਾਲ ਬੱਚੇ ਪੈਦਾ ਕਰਨਾ ਹੈ, ਜੇ ਇਸ ਨੂੰ ਸੁਰੱਖਯਤ ਕੀਤਾ ਜਾਵੇ ਤਾਂ ਇਹ ਉਪਰ ਚੜ੍ਹਦਾ ਹੈ, ਤੇ ਆਤਮਕ ਬੱਚੇ ਅੰਤਰ ਗਯਾਨ, ਸਹਜ ਅਵਸਥਾ ਪੈਦਾ ਕਰਦਾ ਹੈ ਤੇ ਮੁਕਤੀ ਦਿੰਦਾ ਹੈ।

(3) ਸਿਮਰਨ ਨਾਲ ਆਦਮੀ ਦਾ ਦਸਵਾਂ ਦੁਆਰ ਖੁੱਲ੍ਹਦਾ ਹੈ। ਉਹ ਆਪਣੇ ਆਪ ਨੂੰ ਉੱਚਾ ਪ੍ਰਤੀਤ ਕਰਦਾ ਹੈ। ਉਸ ਦੀ ਸੁਰਤ ਇਕ ਸੁਹਾਵਣੀ ਉਚਿਆਣ ਵਿਚ ਰਹਿੰਦੀ ਹੈ। ਹੇਠਲੀਆਂ ਚੀਜ਼ਾਂ ਉਸ ਨੂੰ ਲਖ ਸਹਿਜ ਸੁਭਾ ਹੀ ਮੁੱਲਹੀਨ ਪ੍ਰਤੀਤ ਹੁੰਦੀਆਂ ਹਨ। ਉਹ ਆਪਣੇ ਆਪ ਹੀ ਬੁਰਿਆਈ ਦੇ ਕੋਲ ਨਹੀਂ ਜਾਂਦਾ। ਤੂੜੀ ਦਾ ਗੁਤਾਵਾ ਪਸ਼ੂ ਖਾਂਦੇ ਹਨ, ਆਦਮੀ ਕੋਈ ਤੂੜੀ ਨਹੀਂ ਖਾਂਦਾ। ਅਸੀਂ ਮੁਰਦੇ ਨੂੰ ਵੀ ਨਹੀਂ ਖਾਂਦੇ; ਇਸ ਵਾਸਤੇ ਨਹੀਂ ਕਿ ਸਾਨੂੰ ਕੋਈ ਵਰਜਦਾ ਹੈ, ਪਰ ਇਸ ਕਰ ਕੇ ਕਿ ਮੁਰਦੇ ਨਾਲ ਸਾਨੂੰ ਅੰਦਰੋਂ ਹੀ ਨਫਰਤ ਹੈ। ਹੌਲੀ-ਹੌਲੀ ਠਹਿਰ ਕੇ ਸਵਾਸ ਲੈਣਾ ਇਕਾਗਰਤਾ ਵਿਚ ਮਦਦ ਕਰਦਾ ਹੈ।

(4) ਅਸਾਂ ਗ੍ਰਿਹਸਤ ਨੂੰ ਨਹੀਂ ਛੱਡਣਾ ਹੈ। ਗ੍ਰਿਹਸਥ ਵਿਚ ਰਹਿੰਦੇ ਮੋਹ ਨੂੰ ਜਿੱਤਣਾ ਹੈ। ਗ੍ਰਿਹਸਤ ਵਿਚ ਰਹਿੰਦਿਆਂ ਜੇ ਘਰਵਾਲੀ ਸਤਿਸੰਗਣ ਹੋਵੇ ਤਾਂ ਮੁਕਤੀ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਉਹਦਾ ਕੀ ਫਾ-ਇਦਾ ਹੋਇਆ ਕਿ ਇਕ ਆਦਮੀ ਨੇ ਆਪਣੀ ਵਹੁਟੀ ਤੇ ਟੱਬਰ ਨੂੰ ਤਾਂ ਛੱਡਿਆ, ਪਰ ਫੇਰ ਚੇਲੇ ਤੇ ਚੇਲੀਆਂ ਵਿਚ ਮੋਹ ਪਾ ਲਿਆ। ਅਸਲ ਗੱਲ ਤਾਂ ਮੋਹ ਨੂੰ ਜਿੱਤਣਾ ਹੈ।

(5) ਗ੍ਰਿਹਸਥ ਵਿਚ ਰਹਿੰਦੇ ਹੋਏ, ਵਾਹਿਗੁਰੂ ਦਾ ਭਜਨ ਕਰਨਾ ਹੈ, ਪਰ ਘਰਦਿਆਂ ਤੋਂ ਨਿਰਮੋਹ ਰਹਿਣਾ ਹੈ। ਇਸੇ ਤਰ੍ਹਾਂ ਨਿਰਮੋਹੀ ਆਦਮੀ ਆਪਣੇ ਅਸਲੇ ਨਾਲ ਜੁੜਿਆ ਹੋਇਆ ਹੁੰਦਾ ਹੈ। ਆਮ ਆਦਮੀਆਂ ਦਾ ਇਹ ਹਾਲ ਹੈ। ਉਨ੍ਹਾਂ ਦੀ ਸੁਰਤ ਹੋਰਨਾਂ ਦੇ ਖਿਆਲਾਤ ਹੇਠਾਂ ਆਈ ਗਿਰੀ ਹੋਈ ਹੁੰਦੀ ਹੈ। ਸਿਮਰਨ ਵਾਲੇ ਦੀ ਸੁਰਤ ਕਿਸੇ ਦੇ ਦਬਾਉ ਹੇਠਾਂ ਨਹੀਂ ਰਹਿੰਦੀ। ਆਪਣੀ ਨਿਰਮਲਤਾ ਤੇ ਸੁਤੰਤ੍ਰਤਾ ਵਿਚ ਆ ਜਾਂਦੀ ਹੈ। ਇਸ ਹਾਲਤ ਨੂੰ ਹੀ ਜੋਗੀ ਕੁੰਡਲਨੀ ਦਾ ਖੁੱਲ੍ਹਨਾ ਜਾਂ ਉਪਰ ਚੜ੍ਹਨਾ, ਜਾਂ ਹਿਰਦੇ ਦੇ ਕਮਲ ਦਾ ਸਿੱਧਾ ਹੋਣਾ ਆਖਦੇ ਹਨ। ਜਿਸ ਤਰ੍ਹਾਂ ਜ਼ਮੀਨ ਤੇ ਚਲਦੇ ਸੱਪ ਨੂੰ ਇਕ ਸੋਟੀ ਨਾਲ ਮਾਰ ਸਕੀਦਾ ਹੈ, ਪਰ ਫਨ ਚੁਕੇ ਫਨੀਅਰ ਨੂੰ ਮਾਰਨਾ ਮੁਸ਼ਕਲ ਹੈ, ਇਸੇ ਤਰ੍ਹਾਂ ਉਤੇ ਚੜ੍ਹੀ ਸਿਧੀ ਹੋਈ ਸੁਰਤ ਵਾਲੇ ਆਦਮੀ ਨੂੰ ਕੋਈ ਆਪਣੇ ਅਸਰ ਹੇਠਾਂ ਦਬਾ ਨਹੀਂ ਸਕਦਾ।

(6) ਥੋੜ੍ਹਾ ਚਿਰ ਹੋਇਆ, ਬੰਬਈ ਵਿਚ ਇਕ ਅਭਿਆਸੀ ਸਾਡੇ ਪਾਸ ਆਇਆ। ਉਹ ਕਿਸੇ ਸਾਧੂ ਦੇ ਕਹੇ ਸੌਂਦਾ ਬਹੁਤ ਘੱਟ ਸੀ; ਤੇ ਪਾਠਾਂ ਦੇ ਕਰਨ ਵਿਚ ਰੁੱਝਾ ਰਹਿੰਦਾ ਸੀ। ਪੂਰੀ ਨੀਂਦ ਨਾ ਕਰਨ ਕਰਕੇ ਸਰੀਰਕ ਤੇ ਮਾਨਸਕ ਤੌਰ ਤੇ ਸਿਹਤ ਦੇ ਪੱਧਰ ਤੋਂ ਗਿਰ ਰਿਹਾ ਸੀ। ਮੈਂ ਉਸ ਨੂੰ ਕਿਹਾ, ਕਿ ਮੇਰੇ ਪਾਸ ਜੇ ਆਉਣਾ ਹੈ ਤਾਂ ਸੱਤ ਘੰਟੇ ਜ਼ਰੂਰ ਨੀਂਦ ਕਰਿਆ ਕਰ। ਉਸ ਨੇ ਹੌਲੇ-ਹੌਲੇ ਇਹ ਗੱਲ ਮੰਨ ਲਈ ਤੇ ਸੁਖੀ ਹੋ ਗਿਆ।

**-ਗੁਰਮੁਖ ਸਿੱਖਿਆ** 'ਚੋਂ

✧ ✧ ✧ ✧ ✧

# ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ

❖ ਡਾ. ਹਰਪਾਲ ਸਿੰਘ ਪੰਨੂ

ਫ਼ਰੁੱਖ਼ਸੀਅਰ ਬੰਦਾ ਸਿੰਘ ਦੀਆਂ ਕਾਰਵਾਈਆਂ ਤੋਂ ਚਿੰਤਾਤੁਰ ਸੀ। ਉਸ ਨੇ ਖ਼ਜ਼ਾਨਾ ਅਤੇ ਫ਼ੌਜਾਂ ਲਾਹੌਰ ਦੇ ਸੂਬੇਦਾਰ ਅਬਦੁੱਸਮਦ ਖ਼ਾਨ ਪਾਸ ਭੇਜੀਆਂ ਕਿ ਬੰਦਾ ਸਿੰਘ ਨੂੰ ਜੀਉਂਦਾ ਜਾਂ ਮੁਰਦਾ ਪੇਸ਼ ਕੀਤਾ ਜਾਵੇ। ਉਹ ਬੜੇ ਹੱਲੇ ਕਰਦਾ ਪਰ ਬੰਦਾ ਸਿੰਘ ਕਾਬੂ ਨਾ ਆਉਂਦਾ। ਆਖ਼ਰ ਉਸ ਨੇ ਰਾਜਸਥਾਨ ਵਾਲੇ ਪਾਸੇ ਭੱਟੀਆਂ ਨੂੰ ਦਬਾਉਣ ਦਾ ਫ਼ੈਸਲਾ ਕੀਤਾ। ਭੱਟੀ ਕੋਈ ਵੱਡੀ ਮੁਸੀਬਤ ਨਹੀਂ ਸਨ ਸਗੋਂ ਨਵਾਬ ਬੰਦਾ ਸਿੰਘ ਤੋਂ ਡਰਦਾ ਟਲ ਗਿਆ ਸੀ। ਸੈਨਾਪਤੀਆਂ ਨੂੰ ਕਾਂਬਾ ਚੜ੍ਹਿਆ ਹੋਇਆ ਸੀ। ਉਸ ਨੂੰ ਬਾਦਸ਼ਾਹ ਨੇ ਵਾਪਸ ਆਉਣ ਦਾ ਹੁਕਮ ਦਿੱਤਾ ਕਿ ਬੰਦਾ ਸਿੰਘ ਦੀ ਬਗ਼ਾਵਤ ਦਬਾਉਣੀ ਜ਼ਰੂਰੀ ਹੈ। ਉਹ ਆ ਤਾਂ ਗਿਆ ਪਰ ਲੱਖੀ ਜੰਗਲ ਵੱਲ ਖਿਸਕ ਗਿਆ ਜਦੋਂ ਕਿ ਬੰਦਾ ਸਿੰਘ ਉਸ ਪਾਸੇ ਹੈ ਹੀ ਨਹੀਂ ਸੀ। ਬਾਦਸ਼ਾਹ ਨੇ ਉਸ ਦੀ ਜਬਾਨ-ਤਲਬੀ ਕੀਤੀ ਤੇ ਸਖ਼ਤ ਤਾੜਨਾ ਕੀਤੀ ਕਿ ਬੰਦਾ ਸਿੰਘ ਦਾ ਪਿੱਛਾ ਕੀਤਾ ਜਾਵੇ।

ਬੰਦਾ ਸਿੰਘ ਆਪਣੇ ਸਿੱਖ ਸਾਥੀਆਂ ਨਾਲ ਗੁਰਦਾਸਪੁਰ ਜ਼ਿਲ੍ਹੇ ਵਿਚ ਸੀ। ਉਸ ਨੂੰ ਪਤਾ ਲੱਗਾ ਕਿ ਅਚਾਨਕ ਮੁਗ਼ਲ ਫ਼ੌਜਾਂ ਉਸ ਦਾ ਪਿੱਛਾ ਕਰਦੀਆਂ ਆ ਰਹੀਆਂ ਹਨ। ਗੁਰਦਾਸ ਨੰਗਲ ਨਾਮ ਦੇ ਪਿੰਡ ਵਿਚ ਦੁਨੀਚੰਦ ਦੀ ਹਵੇਲੀ ਸੀ। ਇਹ ਕੋਈ ਕਿਲ੍ਹਾ ਨਹੀਂ ਸੀ ਬਸ ਆਲੇ-ਦੁਆਲੇ ਉੱਚੀ ਕੰਧ ਸੀ, ਵਿਚਕਾਰ ਖੁੱਲ੍ਹਾ ਵਿਹੜਾ। ਬੰਦਾ ਸਿੰਘ ਨੇ ਇਸ ਦੀ ਦੀਵਾਰ ਨੂੰ ਮਜ਼ਬੂਤ ਕੀਤਾ। ਆਖ਼ਰ ਨਵਾਬ 25 ਹਜ਼ਾਰ ਦੀ ਸੈਨਾ ਲੈ ਕੇ ਆ ਗਿਆ ਤੇ ਇਸ ਕੱਚੀ ਗੜ੍ਹੀ ਨੂੰ ਘੇਰ ਲਿਆ। ਬੰਦਾ ਸਿੰਘ ਪਾਸ ਬਹੁਤ ਥੋੜ੍ਹੀ ਸੈਨਾ ਸੀ ਤੇ ਥੋੜ੍ਹੇ ਹਥਿਆਰ। 1715 ਨੂੰ ਪਿਆ ਇਹ ਘੇਰਾ ਅੱਠ ਮਹੀਨੇ ਤੱਕ ਅੰਦਰ ਜਾਣ ਦੀ ਹਿੰਮਤ ਨਾ ਕਰ ਸਕਿਆ ਤੇ 7 ਦਸੰਬਰ, 1715 ਨੂੰ ਬੰਦਾ ਸਿੰਘ ਆਪਣੇ ਭੁੱਖੇ ਤਿਹਾਏ ਸਾਢੇ ਸੱਤ ਸੌ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

ਬਾਬਾ ਬਿਨੋਦ ਸਿੰਘ ਨੇ ਕਈ ਵਾਰ ਬਾਬਾ ਬੰਦਾ ਸਿੰਘ ਨੂੰ ਕਿਹਾ ਕਿ ਰਾਤ ਨੂੰ ਇਕ ਹੱਲਾ ਕਰ ਕੇ ਦੌੜ ਜਾਈਏ ਪਰ ਬੰਦਾ ਸਿੰਘ ਨਹੀਂ ਮੰਨਿਆ। ਇਕ ਵਾਰ ਤਾਂ ਦੋਹਾਂ ਦਾ ਤਕਰਾਰ ਏਨਾ ਵੱਧ ਗਿਆ ਸੀ ਕਿ ਬਿਨੋਦ ਸਿੰਘ ਨੇ ਤਲਵਾਰ ਮਿਆਨ ਵਿਚੋਂ ਕੱਢ ਲਈ। ਤਦ ਬਾਬਾ ਬੰਦਾ ਸਿੰਘ ਨੇ ਕਿਹਾ ਕਿ ਸਾਨੂੰ ਲੜਨਾ ਸ਼ੋਭਦਾ ਨਹੀਂ। ਤੁਸੀਂ ਚਲੇ ਜਾਓ। ਮੈਂ ਨਹੀਂ ਜਾਵਾਂਗਾ। ਬਿਨੋਦ ਸਿੰਘ ਦੁਸ਼ਮਣ ਦੀਆਂ ਸਫ਼ਾਂ ਚੀਰਦਾ ਹੋਇਆ ਸੁਰੱਖਿਅਤ ਆਪਣੇ ਸਾਥੀਆਂ ਸਮੇਤ ਦੌੜ ਗਿਆ। ਬੰਦਾ ਸਿੰਘ ਅੱਗੇ ਕਈ ਵਾਰ ਦੌੜ ਜਾਇਆ ਕਰਦਾ ਸੀ, ਪਰ ਇਸ ਵਾਰੀ ਉਸ ਨੇ ਕਿਉਂ ਉਥੇ ਹੀ ਟਿਕਣ ਦਾ ਫ਼ੈਸਲਾ ਕਰ ਲਿਆ ਇਸ ਗੱਲ ਦਾ ਪਤਾ ਨਹੀਂ ਲੱਗਦਾ।

ਜਦੋਂ ਮੁਗ਼ਲ ਤਲਵਾਰਾਂ ਧੂਹ ਕੇ ਕਿਲ੍ਹੇ ਅੰਦਰ ਵੜੇ ਤਾਂ ਮੁਕਾਬਲਾ ਕਿਸ ਨੇ ਕਰਨਾ ਸੀ? ਸਿੱਖ ਭੁੱਖ ਨਾਲ ਅੱਧਮਰੇ ਪਏ ਸਨ। ਉਨ੍ਹਾਂ ਨੇ ਆਪਣੇ ਪਸ਼ੂ ਮਾਰ ਮਾਰ ਕੇ ਖਾ ਲਏ ਸਨ। ਬਾਲਣ ਨਹੀਂ ਬਚਿਆ ਸੀ ਤਾਂ ਕੱਚਾ ਮਾਸ ਖਾਣਾ ਸ਼ੁਰੂ ਕਰ ਦਿੱਤਾ। ਇਸ ਨਾਲ ਖ਼ੂਨ ਦੇ ਦਸਤ ਲੱਗ ਕੇ ਕਈ ਸਿੰਘ ਦਮ ਤੋੜ ਗਏ ਸਨ। ਮੁਗ਼ਲਾਂ ਨੇ ਬਹੁਤ ਸਾਰੇ ਸਿੱਖਾਂ ਦੇ ਪੇਟ ਤਲਵਾਰਾਂ ਨਾਲ ਇਸ ਲਈ ਚੀਰ ਦਿੱਤੇ ਕਿ ਸ਼ਾਇਦ



ਇਨ੍ਹਾਂ ਨੇ ਮੋਹਰਾਂ ਨਿਗਲ ਰੱਖੀਆਂ ਹੋਣ। ਗੜ੍ਹੀ ਵਿਚੋਂ ਕੁਲ 600 ਰੁਪਏ, 23 ਸੋਨੇ ਦੀਆਂ ਮੋਹਰਾਂ ਤੇ ਥੋੜ੍ਹੇ ਜਿਹੇ ਹਥਿਆਰ ਪ੍ਰਾਪਤ ਕੀਤੇ।

ਅਬਦੁੱਸਮਦ ਖ਼ਾਨ ਗਵਰਨਰ ਲਾਹੌਰ ਖ਼ੁਦ ਦਿੱਲੀ ਬੰਦਾ ਸਿੰਘ ਨੂੰ ਲੈ ਕੇ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰਨ ਦਾ ਮਾਣ ਪ੍ਰਾਪਤ ਕਰਨਾ ਚਾਹੁੰਦਾ ਸੀ ਪਰ ਬਾਦਸ਼ਾਹ ਨੇ ਕਿਹਾ ਕਿ ਤੁਸੀਂ ਲਾਹੌਰ ਹੀ ਰਹੋ ਤੇ ਆਪਣੇ ਬੇਟੇ ਨੂੰ ਭੇਜ ਦਿਓ। ਤਦ ਉਸ ਦਾ ਬੇਟਾ ਜ਼ਕਰੀਆ ਖ਼ਾਨ 740 ਬੰਦਿਆਂ ਅਤੇ ਦੋ ਸੌ ਹੋਰ ਸਿਰਾਂ ਸਮੇਤ ਦਿੱਲੀ ਵਲ ਨੂੰ ਚਲ ਪਿਆ। ਉਸ ਨੇ ਸੋਚਿਆ ਕਿ ਦੋ ਸੌ ਸਿਰ ਲੈ ਕੇ ਜਾਣਾ ਕੋਈ ਖ਼ਾਸ ਸੂਰਮਗਤੀ ਨਹੀਂ ਲਗਦੀ। ਇਸ ਲਈ ਉਸ ਨੇ ਸਖ਼ਤ ਹੁਕਮ ਚਾੜ੍ਹ ਦਿੱਤੇ ਕਿ ਜਿਵੇਂ ਮਰਜ਼ੀ ਕਰੋ, ਜਿਥੋਂ ਮਰਜ਼ੀ ਲਿਆਓ ਹੋਰ ਸਿਰ ਵੱਢੋ। ਮਾਸੂਮ ਲੋਕਾਂ ਦਾ ਕਤਲੇਆਮ ਕਰ ਕੇ ਸੱਤ ਸੌ ਗੱਡੇ ਸਿਰਾਂ ਦੇ ਭਰੇ ਗਏ ਤਾਂ ਦਿੱਲੀ ਕੂਚ ਕੀਤਾ।

ਬਾਬਾ ਬੰਦਾ ਸਿੰਘ ਬਹਾਦਰ ਲੋਹੇ ਦੀਆਂ ਜੰਜ਼ੀਰਾਂ ਵਿਚ ਜਕੜ ਕੇ ਪਿੰਜਰੇ ਵਿਚ ਬੰਦ ਕਰ ਕੇ ਹਾਥੀ ਉੱਤੇ ਬਿਠਾਇਆ ਗਿਆ ਤੇ ਉਸ ਦੇ ਨਾਲ ਹੀ ਇਕ ਨੰਗੀ ਤਲਵਾਰ ਫੜੀ ਸਿਪਾਹੀ ਬਿਠਾਇਆ ਗਿਆ ਤਾਂ ਕਿ ਜੰਜ਼ੀਰਾਂ ਤੇ ਪਿੰਜਰਾ ਤੋੜ ਕੇ ਬੰਦਾ ਸਿੰਘ ਦੌੜਨ ਦਾ ਯਤਨ ਕਰੇ ਤਾਂ ਉਸ ਨੂੰ ਕਤਲ ਕਰ ਦਿੱਤਾ ਜਾਏ। ਉਸ ਨੂੰ ਹਾਸੋਹੀਣੇ ਕੱਪੜੇ ਪੁਆਏ ਗਏ ਸਨ ਤੇ ਸਿਰ 'ਤੇ ਟੋਪੀ ਦਿੱਤੀ ਹੋਈ ਸੀ, ਇਵੇਂ ਹੀ ਬਾਕੀ ਕੈਦੀ ਜੰਜ਼ੀਰਾਂ ਵਿਚ ਬੰਨ੍ਹ ਕੇ ਇਕ-ਦੂਜੇ ਵੱਲ ਪਿੱਠ ਕਰਾ ਕੇ ਦੋ-ਦੋ ਦੀ ਗਿਣਤੀ ਵਿਚ ਬਿਨਾਂ ਕਾਠੀ ਊਠਾਂ 'ਤੇ ਬਿਠਾਏ ਗਏ। ਭੇਡਾਂ ਦੀਆਂ ਖੱਲਾਂ ਦੇ ਕੋਟ ਪਹਿਨਾਏ ਤੇ ਸਿਰਾਂ 'ਤੇ ਰੰਗ-ਬਰੰਗੀਆਂ ਟੋਪੀਆਂ ਦਿੱਤੀਆਂ ਹੋਈਆਂ ਸਨ। 29 ਫ਼ਰਵਰੀ, 1716 ਨੂੰ ਵੱਡੇ ਜਲੂਸ ਦੀ ਸ਼ਕਲ ਵਿਚ ਉਹ ਦਿੱਲੀ ਲਾਲ ਕਿਲ੍ਹੇ ਕੋਲ ਦੀ ਲੰਘਾਏ ਗਏ। ਲੱਖਾਂ ਮਰਦ ਔਰਤਾਂ ਇਹ ਤਮਾਸ਼ਾ ਦੇਖਣ ਲਈ ਕਤਾਰਾਂ ਵਿਚ ਖਲੋਤੇ ਸਨ।

ਇਸ ਸਮੇਂ ਬਹੁਤ ਸਾਰੇ ਮੁਸਲਮਾਨ ਅਤੇ ਕੁਝ ਈਸਾਈ ਇਤਿਹਾਸਕਾਰ ਚਸ਼ਮਦੀਦ ਗਵਾਹ ਦੱਸਦੇ ਸਨ ਕਿ ਉਨ੍ਹਾਂ ਨੇ ਕਿਸੇ ਇਕ ਵੀ ਸਿੱਖ ਨੂੰ ਉਦਾਸ ਨਹੀਂ ਦੇਖਿਆ। ਉਹ ਸ਼ਬਦ ਗਾਉਂਦੇ ਪੂਰੇ ਜਾਹੋ-ਜਲਾਲ ਵਿਚ ਜਾ ਰਹੇ ਸਨ। ਇਨ੍ਹਾਂ ਅਣਖੀਲੇ ਯੋਧਿਆਂ ਦੀ ਸ਼ਾਨ ਨਿਰਾਲੀ ਸੀ।

ਜ਼ਕਰੀਆ ਖ਼ਾਨ ਨੂੰ ਬਾਦਸ਼ਾਹ ਫ਼ਰੁੱਖ਼ਸੀਅਰ ਨੇ ਖ਼ਾਸ ਖਿੱਲਤ, ਹੀਰੇ ਜੜ੍ਹੀ ਕਲਗੀ, ਘੋੜਾ ਅਤੇ ਹਾਥੀ ਇਨਾਮ ਵਜੋਂ ਦਿੱਤੇ। ਇਰਵਿਨ ਨੇ ਫੜੇ ਗਏ ਹਥਿਆਰਾਂ ਦੀ ਛੋਟੀ ਜਿਹੀ ਸੂਚੀ ਦਿੰਦੀਆਂ ਲਿਖਿਆ, ਹੈਰਾਨੀ ਹੁੰਦੀ ਹੈ ਕਿ ਏਨੇ ਕੁ ਸਾਮਾਨ ਨਾਲ ਉਨ੍ਹਾਂ ਨੇ ਭਾਰਤ ਦੀ ਸ਼ਕਤੀਸ਼ਾਲੀ ਹਕੂਮਤ ਨਾਲ ਕੇਵਲ ਟੱਕਰ ਹੀ ਨਹੀਂ ਸਗੋਂ ਇਸ ਨੂੰ ਹਿਲਾ ਕੇ ਰੱਖ ਦਿੱਤਾ ਸੀ।

ਹਰ ਰੋਜ਼ ਸੌ-ਸੌ ਦੀ ਗਿਣਤੀ ਵਿਚ ਆਮ ਲੋਕਾਂ ਦੇ ਸਾਹਮਣੇ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਤੇ ਇਹ ਕਤਲੇਆਮ ਇਕ ਹਫ਼ਤਾ ਚਲਦਾ ਰਿਹਾ। 12 ਮਾਰਚ, 1716 ਨੂੰ ਸਾਰੇ ਸਿੱਖ ਬੰਦੀ ਮੁਕਾ ਦਿੱਤੇ ਗਏ। ਹਰੇਕ ਨੂੰ ਪੁੱਛਿਆ ਜਾਂਦਾ ਸੀ ਕਿ ਜੇ ਇਸਲਾਮ ਧਰਮ ਧਾਰਨ ਕਰ ਲਵੋ ਤਾਂ ਜਾਨ ਬਚ ਸਕਦੀ ਹੈ, ਇਕ ਵੀ ਸਿੱਖ ਨੇ ਧਰਮ ਨਹੀਂ ਬਦਲਿਆ। ਬੰਦਾ ਸਿੰਘ ਨੂੰ ਜੂਨ ਤੱਕ ਤਸੀਹੇ ਦੇ ਕੇ ਪੁੱਛਿਆ ਜਾਂਦਾ ਰਿਹਾ ਕਿ ਖ਼ਜ਼ਾਨਾ ਕਿਥੇ ਦੱਬਿਆ ਹੋਇਆ ਹੈ। ਉਸ ਨੇ ਕੀ ਦੱਸਣਾ ਸੀ ਕਿਉਂਜੋ ਖ਼ਜ਼ਾਨਾ ਉਸ ਨੇ ਕਦੀ ਦੱਬਿਆ ਹੀ ਨਹੀਂ ਸੀ। ਜੋ ਕੁਝ ਉਸ ਪਾਸ ਹੁੰਦਾ ਉਹ ਸਿੰਘਾਂ ਵਿਚ ਵੰਡ ਦਿੰਦਾ ਸੀ।

ਆਖ਼ਰ 9 ਜੂਨ, 1716 ਨੂੰ ਬੰਦਾ ਸਿੰਘ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਹੋਇਆ। ਉਸ ਨਾਲ 26 ਸਿੱਖ ਜਰਨੈਲ ਹੋਰ ਸਨ ਤੇ ਇਨ੍ਹਾਂ ਸਭ ਨੂੰ ਪਹਿਲਾਂ ਵਾਂਗ ਹੀ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਲਾਗੇ ਲਿਜਾਇਆ ਗਿਆ। ਬੰਦਾ ਸਿੰਘ ਨੂੰ ਵੀ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰਨਾ ਹੈ ਕਿ ਮੌਤ, ਤਾਂ ਬੰਦਾ ਸਿੰਘ ਨੇ ਕਿਹਾ, ਮੌਤ। ਉਸ ਦਾ ਚਾਰ ਸਾਲਾਂ ਦਾ ਬੇਟਾ ਅਜੈਪਾਲ ਸਿੰਘ ਉਸ ਦੀ ਗੋਦ ਵਿਚ ਬਿਠਾਇਆ ਗਿਆ ਤੇ ਹੱਥ ਵਿਚ ਛੁਰਾ ਫੜਾ ਕੇ ਹੁਕਮ ਦਿੱਤਾ ਇਸ ਨੂੰ ਕਤਲ ਕਰ। ਬੰਦਾ ਸਿੰਘ ਨੇ ਅਜਿਹਾ ਕਰਨੋਂ ਇਨਕਾਰ ਕਰ ਦਿੱਤਾ। ਉਸ ਦੇ ਸਾਹਮਣੇ ਜੱਲਾਦ ਨੇ ਬੱਚੇ ਦੀ ਛਾਤੀ ਵਿਚ ਛੁਰਾ ਮਾਰ ਕੇ ਉਸ ਦਾ ਤੜਪਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਣ ਦਾ ਯਤਨ ਕੀਤਾ। ਉਸ ਦੇ ਵਾਲ, ਉਪਰ ਪਿੰਜਰੇ ਨਾਲ ਬੰਨ੍ਹ ਕੇ ਉਸ ਦਾ ਮਾਸ ਜਮੂਰਾਂ ਨਾਲ ਤੋੜਿਆ ਗਿਆ ਤੇ ਗਰਮ ਸਲਾਖਾਂ ਖਭੋਈਆਂ ਗਈਆਂ। ਉਹ ਅਹਿਲ ਅਡੋਲ ਤੇ ਸ਼ਾਂਤਚਿਤ ਖਲੋਤਾ ਰਿਹਾ। ਉਸ ਦੇ ਹੋਠਾਂ ’ਤੇ ਸਿਰਫ਼ ਵਾਹਿਗੁਰੂ ਸ਼ਬਦ ਦੀ ਧੁਨੀ ਸੀ।

ਪ੍ਰਧਾਨ ਮੰਤਰੀ ਅਮੀਨ ਖ਼ਾਨ ਇਸ ਕਾਫ਼ਰ ਦੀ ਸ਼ਹਾਦਤ ਅੱਖੀਂ ਦੇਖਣ ਲਈ ਕਤਲਗਾਹ ਵਿਖੇ ਪੁੱਜਾ। ਉਹ ਬੰਦਾ ਸਿੰਘ ਦੇ ਚਿਹਰੇ ਦਾ ਜਲਾਲ ਦੇਖ ਕੇ ਦੰਗ ਰਹਿ ਗਿਆ ਤੇ ਪੁੱਛਿਆ, ਇਕ ਫ਼ਕੀਰ ਲਈ ਕੀ ਇਹ ਉਚਿਤ ਸੀ ਕਿ ਇਹੋ ਜਿਹਾ ਕਤਲੇਆਮ ਮਚਾਉਂਦਾ? ਬੰਦਾ ਸਿੰਘ ਨੇ ਕਿਹਾ, ਜਦੋਂ ਤੇਰੇ ਵਰਗੇ ਲੋਕ ਜ਼ੁਲਮ ਦੀ ਅੱਤ ਚੁੱਕਣ ਤਾਂ ਮੇਰਾ ਗੁਰੂ ਮੇਰੇ ਜਿਹਿਆਂ ਨੂੰ ਥਾਪੜਾ ਦੇ ਕੇ ਤੋਰ ਦਿੰਦਾ ਹੈ ਕਿ ਜ਼ੁਲਮ ਖ਼ਤਮ ਕਰਨ। ਪਰ ਮੈਂ ਜੇ ਵਧੀਕੀ ਕਰਾਂ ਤਾਂ ਮੇਰਾ ਗੁਰੂ ਮੈਨੂੰ ਫਿਰ ਤੇਰੇ ਹਵਾਲੇ ਕਰ ਦਿੰਦਾ ਹੈ। ਅਮੀਨ ਖ਼ਾਨ ਨੇ ਫਿਰ ਪੁੱਛਿਆ - ਪਰ ਤੁਸੀਂ ਕਹਿੰਦੇ ਹੋ ਤੁਹਾਡਾ ਗੁਰੂ ਸਰਬ ਸਮਰੱਥ ਹੈ ਤੇ ਮਦਦਗਾਰ ਹੈ। ਫਿਰ ਇਸ ਸੰਕਟ ਦੀ ਘੜੀ ਉਹ ਤੈਨੂੰ ਕਿਉਂ ਨਹੀਂ ਬਚਾਉਂਦਾ? ਬੰਦਾ ਸਿੰਘ ਨੇ ਕਿਹਾ - ਮੇਰਾ ਗੁਰੂ ਮਿਹਰਬਾਨ ਹੈ। ਉਹ ਮੈਨੂੰ ਆਪਣੇ ਚਰਨਾਂ ਵਿਚ ਬਿਠਾ ਕੇ ਰੱਖਣ ਦਾ ਇੱਛਕ ਹੈ ਕਿਉਂਕਿ ਉਹ ਮੈਨੂੰ ਪਿਆਰ ਕਰਦਾ ਹੈ। ਮੇਰੇ ਕੀਤੇ ਪਾਪਾਂ ਦੀ ਸਜ਼ਾ ਉਹ ਧਰਤੀ ਉਪਰ ਹੀ ਦੇ ਕੇ ਫਿਰ ਆਪਣੇ ਪਾਸ ਰੱਖੇਗਾ। ਉਹ ਅਨੰਤ ਸ਼ਾਨਾਂ ਦਾ ਮਾਲਕ, ਕਲਗੀਧਰ ਪਿਤਾ, ਅਦੁੱਤੀ ਵਿਹਾਰ ਕਰਦਾ ਹੈ।

ਜੱਲਾਦ ਨੇ ਪਹਿਲਾਂ ਉਸ ਦੀ ਸੱਜੀ ਅੱਖ ਕੱਢੀ ਫਿਰ ਖੱਬੀ। ਫਿਰ ਉਸ ਦਾ ਖੱਬਾ ਪੈਰ ਵੱਢ ਦਿੱਤਾ ਗਿਆ ਤੇ ਇਸ ਦੇ ਬਾਅਦ ਦੋਵੇਂ ਹੱਥ ਕੱਟ ਦਿੱਤੇ ਗਏ। ਬੇਅੰਤ ਖ਼ੂਨ ਵਹਿ ਜਾਣ ਕਾਰਨ ਉਹ ਬੇਹੋਸ਼ ਹੋ ਗਿਆ ਤਾਂ ਉਸ ਦਾ ਸਿਰ ਕੱਟ ਦਿੱਤਾ ਗਿਆ। ਜਿਸਮ ਦੀ ਬੋਟੀ-ਬੋਟੀ ਕਰ ਕੇ ਕਾਵਾਂ ਕੁੱਤਿਆਂ ਦੇ ਖਾਣ ਵਾਸਤੇ ਖਲਾਰ ਦਿੱਤੀ ਗਈ।

ਇਹੋ ਜਿਹੇ ਲਾਸਾਨੀ ਸ਼ਹੀਦ ਇਤਿਹਾਸ ਵਿਚ ਬੜੇ ਘੱਟ ਪਰ ਸਿੱਖਾਂ ਵਿਚ ਬਹੁਤ ਹੋਏ ਹਨ। ਬਾਕੀ ਦੇ ਸਾਥੀਆਂ ਨੂੰ ਵੀ ਇਸੇ ਢੰਗ ਨਾਲ ਕਤਲ ਕੀਤਾ ਗਿਆ। ਜਿਸ ਕਿਸੇ ਨੇ ਵੀ ਇਹ ਦ੍ਰਿਸ਼ ਦੇਖੇ, ਚਾਹੇ ਮੁਸਲਮਾਨ, ਚਾਹੇ ਹਿੰਦੂ ਜਾਂ ਈਸਾਈ, ਸਭਨਾਂ ਨੇ ਬੰਦਾ ਸਿੰਘ ਦੀ ਸ਼ਹਾਦਤ ਨੂੰ ਗੈਬੀ ਵਰਤਾਰੇ ਵਾਲੀ ਮੰਨਿਆ ਹੈ। ਇਹ ਘਟਨਾ ਆਮ ਨਹੀਂ ਸੀ। ਖ਼ਾਲਸਾ ਪੰਥ ਦਾ ਇਹ ਸਿੱਖ ਜਦੋਂ ਸ਼ਹੀਦ ਹੋਇਆ ਤਾਂ ਕੇਵਲ ਅੱਠ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਉਹ ਕੌਮੀ ਨਾਇਕ ਬਣ ਗਿਆ।

ਬੇਸ਼ੱਕ ਉਹ ਸ਼ਹੀਦ ਹੋ ਗਿਆ ਤੇ ਬੜਾ ਘੱਟ ਸਮਾਂ ਉਸ ਨੂੰ ਹਕੂਮਤ ਕਰਨ ਦਾ ਮਿਲਿਆ ਪਰ ਪੰਜਾਬ ਦੇ ਲਤਾੜੇ ਹੋਏ ਲੋਕਾਂ ਦੀਆਂ ਅੱਖਾਂ ਵਿਚ ਉਸ ਸਵੈ-ਮਾਣ ਅਤੇ ਆਜ਼ਾਦੀ ਦੇ ਚਿਰਾਗ਼ ਬਾਲ ਦਿੱਤੇ। ਹਿੰਦੁਸਤਾਨ ਵਿਚ ਇਹ ਪਹਿਲੀ ਵਾਰ ਪੰਜਾਬ ਵਿਚ ਬੰਦਾ ਸਿੰਘ ਨੇ ਕੀਤਾ ਸੀ ਕਿ ਗ਼ੁਲਾਮ ਕਿਸਾਨ ਜਿਹੜੇ ਕਿ ਮੁਜਾਰੇ ਸਨ ਤੇ ਜ਼ਮੀਨ ਵੱਡੇ ਜ਼ਿੰਮੀਦਾਰਾਂ ਦੀ ਸੀ, ਇਸ ਜ਼ਮੀਨ ਦੇ ਮਾਲਕ ਬਣਾ ਦਿੱਤੇ। ਬੰਦਾ ਸਿੰਘ ਦਾ ਐਲਾਨ ਸੀ ਜ਼ਮੀਨ ਉਸੇ ਦੀ ਹੈ ਜਿਹੜਾ ਇਸ ਨੂੰ ਵਾਹ ਰਿਹਾ ਹੈ। ਬੰਦਾ ਸਿੰਘ ਤਾਂ ਸ਼ਹੀਦ ਹੋ ਗਿਆ ਪਰ ਹਕੂਮਤ ਕਿਸਾਨਾਂ ਤੋਂ ਜ਼ਮੀਨ ਦੀ ਮਾਲਕੀ ਦਾ ਹੱਕ ਬਾਅਦ ਵਿਚ ਵੀ ਨਾ ਖੋਹ ਸਕੀ।


ਸਿੱਖ ਜੰਗਲਾਂ ਵਿਚ ਵੱਸਦੇ ਸਨ। ਜੋ ਕੋਈ ਗ਼ਰੀਬ ਪਿੰਡ ਵਿਚ ਰਹਿੰਦਾ ਸੀ ਤਾਂ ਉਹ ਨੀਵੀਂ ਜਾਤ ਦਾ ਵਿਰਲਾ ਟਾਵਾਂ ਹੁੰਦਾ ਜਿਸ ਤੋਂ ਮੁਸਲਮਾਨ ਕੇਵਲ ਗੰਦਗੀ ਦੀ ਸਫ਼ਾਈ ਦਾ ਕੰਮ ਲੈਂਦੇ। ਜਾਂ ਫਿਰ ਕੁਝ ਕੁ ਸਿੱਖ ਚਮਾਰ ਸਨ ਜਿਹੜੇ ਖੱਲਾਂ ਲਾਹੁਣ ਤੇ ਚਮੜਾ ਰੰਗਣ ਦਾ ਕੰਮ ਕਰਦੇ। ਇਹੋ ਜਿਹੇ ਗੁਲਾਮ ਗ਼ਰੀਬ ਸਿੱਖ ਜਦੋਂ ਬੰਦਾ ਸਿੰਘ ਪਾਸ ਹਾਜ਼ਰ ਹੁੰਦੇ ਤਾਂ ਉਹ ਉਨ੍ਹਾਂ ਨੂੰ ਆਪਣਾ ਹੁਕਮਨਾਮਾ, ਨਿਸ਼ਾਨ ਤੇ ਉਸ ਪਿੰਡ ਦੀ ਮਾਲਕੀ ਦਾ ਅਖ਼ਤਿਆਰ ਦੇ ਕੇ ਵਾਪਸ ਭੇਜਦਾ। ਪਿੰਡ ਦੇ ਇੱਜ਼ਤਦਾਰ ਤੇ ਵੱਡੇ ਖ਼ਾਨਦਾਨੀ ਮੁਸਲਮਾਨ ਕਤਾਰ ਬੰਨ੍ਹ ਕੇ ਉਨ੍ਹਾਂ ਦੇ ਸਵਾਗਤ ਲਈ ਖਲੋਤੇ ਹੁੰਦੇ। ਉਹ ਦੁਸ਼ਮਣ ਯੋਧੇ ਜਿਹੜੇ ਜੰਗ ਵਿਚ ਜਾਨਾਂ ਵਾਰਨ ਲਈ ਨਿਕਲ ਤੁਰਦੇ ਸਨ ਹੁਕਮ ਦੇ ਤਾਬਿਆਦਾਰ ਹੋ ਜਾਂਦੇ। ਅੱਠ ਸਾਲ ਦੇ ਸੰਖੇਪ ਸਮੇਂ ਵਿਚ ਉਸ ਨੇ ਜਿਹੜੀਆਂ ਕਰਾਮਾਤਾਂ ਵਰਤਾਈਆਂ ਉਨ੍ਹਾਂ ਨੂੰ ਹੀ ਨਵਾਬ ਕਪੂਰ ਸਿੰਘ ਅਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਅੱਗੇ ਤੋਰਿਆ ਤੇ ਇਨ੍ਹਾਂ ਸੂਰਬੀਰਾਂ ਦੀਆਂ ਵਾਹੀਆਂ ਹੋਈਆਂ ਤੇਗਾਂ ਸਦਕਾ 1799 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਹੇਠ ਲਾਹੌਰ ਦੇ ਕਿਲ੍ਹੇ ਉੱਤੇ ਖ਼ਾਲਸਾਈ ਨਿਸ਼ਾਨ ਝੂਲਿਆ। ਉਸ ਦਾ ਰੁਤਬਾ ਸਿਕੰਦਰ, ਨਾਦਰਸ਼ਾਹ, ਅਬਦਾਲੀ ਅਤੇ ਨੈਪੋਲੀਅਨ ਤੋਂ ਘੱਟ ਨਹੀਂ।

ਪ੍ਰੋਫ਼ੈਸਰ ਪੂਰਨ ਸਿੰਘ ਆਪਣੇ ਨਿਬੰਧ ਬੀਰਤਾ ਵਿਚ ਲਿਖਦੇ ਹਨ, ਯੋਧਾ ਪਤਲੀ ਟੀਨ ਦਾ ਪੀਪਾ ਨਹੀਂ ਹੁੰਦਾ ਕਿ ਜ਼ਰਾ ਕੁ ਸੇਕ ਲੱਗਾ ਤਾਂ ਵਿਚਲਾ ਘਿਓ ਪੰਘਰ ਗਿਆ ਤੇ ਰਤਾ ਕੁ ਠੰਢਾ ਬੁੱਲਾ ਆਇਆ ਤਾਂ ਜੰਮ ਗਿਆ। ਯੋਧੇ ਨੂੰ ਜਲਦੀ ਕੀਤਿਆਂ ਗ਼ੁੱਸਾ ਨਹੀਂ ਆਉਂਦਾ। ਉਸ ਨੂੰ ਗ਼ੁੱਸੇ ਕਰਨ ਵਾਸਤੇ ਸਦੀਆਂ ਲੱਗਦੀਆਂ ਹਨ। ਪੰਜਵੇਂ ਪਾਤਸ਼ਾਹ, ਨੌਵੇਂ ਪਾਤਸ਼ਾਹ ਅਤੇ ਸਾਹਿਬਜ਼ਾਦਿਆਂ ਸਮੇਤ ਹਜ਼ਾਰਾਂ ਮਾਸੂਮਾਂ ਦੇ ਕਤਲਾਂ ਨੇ ਬੰਦਾ ਸਿੰਘ ਨੂੰ ਗ਼ੁੱਸੇ ਕਰ ਦਿੱਤਾ। ਇਹੋ ਜਿਹੇ ਜਰਨੈਲ ਜਦੋਂ ਗ਼ੁੱਸੇ ਵਿਚ ਆ ਜਾਣ ਤਦ ਉਨ੍ਹਾਂ ਦਾ ਗ਼ੁੱਸਾ ਉਤਰਨ ਵਿਚ ਵੀ ਕਈ ਸਦੀਆਂ ਲੱਗਦੀਆਂ ਹਨ।

ਧੰਨਵਾਦ ਸਹਿਤ : **ਬਾਬਾ ਬੰਦਾ ਸਿੰਘ ਬਹਾਦਰ - ਜੀਵਨ ਤੇ ਪ੍ਰਾਪਤੀਆਂ**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਪਿਆਰਾਂ ਦਾ ਸਾਈਂ




## 1. ਕੀਰਤਨ

ਮਧੁਰ ਮਧੁਰ ਧੁਨਿ-ਟਿਕਵੀਂ ਤੇ ਪਜਾਰ ਭਰੀ ਬੈਠਵੀਂ ਲੈ ਵਿਚ-ਹੋ ਰਹੀ ਹੈ:-

**ਅਪੁਨੇ ਠਾਕੁਰ ਕੀ ਹਉ ਚੇਰੀ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ॥੧॥ਰਹਾਉ॥ ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ॥ ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥ ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥੨॥ ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ॥੩॥ ਭੂਤ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ॥੪॥੧॥** (ਸਾਰੰਗ ਮਹਲਾ ੧-੧-੧੧੯੭)

ਇਸ ਸ਼ਬਦ ਦੇ ਕੀਰਤਨ ਮਗਰੋਂ ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦਾ ਭੋਗ ਪਾ ਦਿੱਤਾ। ਕੀਰਤਨ ਬਹੁਤ ਜੁੜਵਾਂ ਤੇ ਮਨ ਖਿੱਚਵਾਂ ਹੋਇਆ ਸੀ। ਸੰਗਤ ਵਿਸਮਾਦੀ ਰਸ ਵਿਚ ਜੁੜੀ ਬੈਠੀ ਸੀ। ਘਰ ਬਾਹਰ ਦੇ ਫਿਕਰ, ਫਿਕਰਾਂ ਦੇ ਬੋਝ ਤੇ ਅਨਹੋਈਆਂ ਦੀਆਂ ਚਿੰਤਾਂ ਵਿਸਰ ਰਹੀਆਂ ਸਨ। ਇਨਸਾਨ-ਆਪੇ ਦੇ ਰਸ ਨੂੰ ਭੁੱਲ ਬੈਠੇ ਇਨਸਾਨ-ਨੂੰ ਮੁੜ ਉਸ ਰਸ ਵਿਚ ਨਿਮਗਨਤਾ ਮਿਲ ਰਹੀ ਸੀ, ਜਿਸ ਨੂੰ ਕਿ ਇਹ ਭੁਲਾ ਬੈਠਾ ਹੈ, ਮਾਨੋ ਸੁੱਕੇ ਬਾਗ ਹਰੇ ਹੋ ਰਹੇ ਸੇ। ਧੰਨ ਕੀਰਤਨ ਹੈ ਜੋ ਚਿੰਤਾ ਵਿਚੋਂ ਅਚਿੰਤ ਵਿਚ ਲੈ ਜਾਂਦਾ ਹੈ, ਅਚਿੰਤਾ ਵਿਚੋਂ ਰਸ ਵਿਚ ਮਗਨ ਕਰ ਦੇਂਦਾ ਹੈ। ਰਸ ਵਿਚ-ਓਪਰੇ ਰਸ ਵਿਚ ਨਹੀਂ-ਆਪੇ ਦੇ ਰਸ ਵਿਚ। ਭੋਗ ਪੈ ਕੇ ਕੁਛ ਚਿਰ ਚੁੱਪ ਤੇ ਅਡੋਲਤਾ ਛਾਈ ਰਹੀ, ਫੇਰ ਅਰਦਾਸੀਏ ਸਿੰਘ ਨੇ ਅਰਦਾਸਾ ਸੋਧਿਆ। ਹੁਣ ਸੰਤਾਂ ਨੂੰ ਸੰਗਤ ਵੱਲੋਂ ਆਗਜਾ ਹੋਈ-ਮਹਾਰਾਜ ਜੀ ਕਥਾ ਕਰੀਏ-ਸ੍ਰੀ ਗੁਰੂ ਜੀ ਦੇ ਅਵਤਾਰ ਦੀ ਕਥਾ।

**ਸੰਤ**- ਸਤਿਨਾਮ ਸ੍ਰੀ ਵਾਹਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ! ਗੁਰੂ ਕੀ ਸਾਧ ਸੰਗਤ ਜੀ! ਰਾਤ ਸੋਦਰ ਦੇ ਦੀਵਾਨ ਮਗਰੋਂ ਅਸੀਂ ਆਪ ਦੇ ਦਿੱਤੇ ਉਤਾਰੇ ਵਾਲੇ ਥਾਉਂ ਤੇ ਟਿਕਣ ਵਾਸਤੇ ਗਏ ਤਾਂ ਇਕ ਗਭਰੂ ਸਿੰਘ ਜੀ ਸਾਡੇ ਪਾਸ ਆਏ ਤੇ ਪ੍ਰਸ਼ਨ ਕਰਨ ਲੱਗੇ ਕਿ ਕੀਰਤਨ ਕਿਉਂ ਕਰਦੇ ਹੋ? ਕੀਹ ਪਰਮੇਸ਼ੁਰ ਕੁਸ਼ਾਮਤ ਦਾ ਭੁੱਖਾ ਹੈ ਜੋ ਆਪਣੀ ਮਹਿਮਾ ਸੁਣਕੇ ਰੀਝਦਾ ਹੈ? (ਸੰਗਤ ਵਿਚੋਂ ਆਵਾਜ਼ ਆਈ: ਸ੍ਰੀ ਵਾਹਿਗੁਰੂ ਜੀਅ......ਅ)! ਜੋ ਕੁਛ ਸਤਿਗੁਰ ਨੇ ਇਸ ਘਟ ਪਾਇਆ ਸੀ ਉਸ ਨੌਜਵਾਨ ਨੂੰ ਉੱਤਰ ਦਿੱਤਾ ਗਿਆ। ਉਸ ਵਾਰਤਾਲਾਪ ਦੇ ਮੁੱਕਣੇ ਤੇ ਉਹ ਆਖਣ ਲੱਗਾ-ਮੇਰੇ ਵਰਗੇ ਅਨਜਾਣ ਕਈ ਕੱਲ ਸਵੇਰੇ ਦੀਵਾਨ ਵਿਚ ਹੋਣਗੇ ਜੋ 'ਚੰਚਲ ਵਾਕ ਰਚਨਾ' ਨਾਲ ਕੁਰਾਹੇ ਪਾਏ ਗਏ ਹਨ, ਜੇਕਰ ਆਪ ਕਥਾ ਵਿਚ ਇਸ ਵਿਸ਼ੇ ਤੇ ਇਹ ਚਾਨਣਾ ਪਾ ਦਿਓ ਤਾਂ ਅਨੇਕਾਂ ਦਾ, ਮੇਰੇ ਵਾਂਙੂ, ਭਲਾ ਹੋਵੇਗਾ। ਸੋ ਸਾਧ ਸੰਗਤ ਜੀ! ਜੇ ਆਗਜਾ ਹੋਵੇ ਤਾਂ ਬਿਨੈ ਕਰਾਂ, ਕਿਉਂਜੋ ਏਸ ਵਿਚ ਗੁਰੂ ਨਾਨਕ ਆਦਰਸ਼ ਦੀ ਕੁਝ ਵਜਾਖਜਾ ਆ ਜਾਵੇਗੀ। ਆਪ ਜਾਣਦੇ ਹੀ ਹੋ ਕਿ ਉਨ੍ਹਾਂ ਦਾ 'ਜੀਵਨ' ਉਨ੍ਹਾਂ ਦਾ 'ਆਦਰਸ਼' ਬੀ ਹੈ। ਆਦਰਸ਼ ਦਾ ਸਾਡੇ ਨੈਣਾਂ ਦੇ ਅੱਗੇ ਦਿੱਸਦੇ ਰਹਿਣਾ ਉਨ੍ਹਾਂ ਦੇ ਜੀਵਨ ਨੂੰ ਮਨਾਉਂਦੇ ਰਹਿਣਾ ਹੈ। ਸ੍ਰੀ ਗੁਰੂ ਜੀ ਆਪ ਆਪਣੇ ਆਪ ਨੂੰ ਪਿੱਛੇ ਰੱਖਦੇ ਸੇ, ਪਰ ਆਪਣੇ ਇਲਾਹੀ ਆਦਰਸ਼ ਨੂੰ ਸਾਡੇ ਨੈਣਾਂ ਦੇ ਅੱਗੇ ਰੱਖਿਆ ਕਰਦੇ ਸੇ। ਆਦਰਸ਼ ਜੋ ਕੌਮ ਭੁੱਲਦੀ ਹੈ ਗਿਰਾਉ ਉਸੇ ਦਾ ਹੁੰਦਾ ਹੈ। ਕੌਮੀ ਗਿਰਾਉ ਦਾ ਅਰਥ ਹੀ ਇਹ ਹੈ ਕਿ ਆਦਰਸ਼ ਅੱਖਾਂ ਤੋਂ ਉਹਲੇ ਹੋ ਗਿਆ ਹੈ ਯਾ ਕਰ ਦਿੱਤਾ ਗਿਆ ਹੈ।

ਸੰਗਤ ਵਿਚੋਂ ਆਵਾਜ਼ ਆਈ-ਹਾਂ, ਮਹਾਰਾਜ ਜੀ! ਉਸ ਵਾਰਤਾਲਾਪ ਤੋਂ ਹੀ ਕਥਾ ਆਰੰਭ ਕੀਜੀਏ।

**ਸੰਤ**-ਸਾਧ ਸੰਗਤ, ਗੁਰੂ ਕੀ ਪਿਆਰੀ ਦੁਲਾਰੀ ਸਾਧ ਸੰਗਤ ਜੀਓ! ਉੱਚੇ ਆਦਰਸ਼ਾਂ ਨੂੰ, ਸੁਹਣੇ ਸੁਹਣੇ ਅਸੂਲਾਂ ਨੂੰ ਕੋਈ ਹਾਸੇ ਦਾ ਲਫਜ਼ ਲਾ ਕੇ ਉਡਾ ਦੇਣ ਦਾ ਸਭਜਤਾਹੀਨ ਜਤਨ ਪੱਛਮੀ ਲੋਕਾਂ ਦੇ ਐਬਾਂ ਵਿਚੋਂ ਇਕ ਐਬ ਹੈ, ਸੋ ਸਾਡੇ ਸੱਜਣਾਂ ਨੇ ਆਪਣੇ ਉੱਚ ਅਸੂਲਾਂ ਤੋਂ ਅਨਜਾਣ ਰਹਿਣ ਯਾ ਕਿਸੇ ਪ੍ਰਯੋਜਨ ਨੂੰ ਲੈ ਕੇ ਵਰਤਿਆ ਹੈ। ਇਹ ਸੁਭਾਵ ਠੀਕ ਨਹੀਂ। ਸਾਡੀ ਵਿਦਜਾ ਸਾਡੇ ਫਿਲਸਫੇ ਸਾਡੇ ਪੁਰਾਤਨ ਗ੍ਰੰਥਾਂ ਨੂੰ ਵਾਚ ਵਾਚ ਕੇ ਪੱਛਮ ਵਾਲੇ ਦਾਨਿਆਂ ਨੇ ਕਦਰਾਂ ਪਾਈਆਂ ਤੇ ਗ੍ਰੰਥ ਲਿਖੇ ਹਨ। ਅਸੀਂ ਉਨ੍ਹਾਂ ਦੀ ਵਿਦਜਾ ਪਾ ਕੇ ਉਨ੍ਹਾਂ ਦੇ ਗੁਣ ਤੇ ਆਪਣੀ ਵਿਦਜਾ ਦੇ ਗੁਣ ਕੱਠੇ ਕਰਕੇ ਮਾਲਾਮਾਲ ਨਹੀਂ ਹੁੰਦੇ, ਸਗੋਂ ਅਸੀਂ ਆਪਣਾ ਘਰ ਲੁਟਾਉਣ ਨੂੰ ਉੱਠ ਟੁਰਦੇ ਹਾਂ ਤੇ ਉਨ੍ਹਾਂ ਦੇ ਅਵਗੁਣ ਗ੍ਰਹਣ ਕਰਦੇ ਹਾਂ। ਇਨਸਾਨ ਨੂੰ ਗੁਣ ਗ੍ਰਾਹੀ ਹੋਣਾ ਚਾਹੀਦਾ ਹੈ, ਸਤਿਗੁਰ ਦਾ ਹੁਕਮ ਹੈ- "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥" (ਸੂਹੀ ਮ: ੧ ਛੰਤ-੪)

ਸਾਧ ਸੰਗਤ ਗੁਰੂ ਕੇ ਖਾਲਸਾ ਜੀਓ! ਇਹ ਜੋ ਕੀਰਤਨ ਦੀ ਸ਼ੁਭ ਮਰਿਯਾਦਾ ਹੈ, ਇਸਦੇ ਪਿਛੇ ਸਾਡੇ ਸਤਿਗੁਰਾਂ ਦਾ ਸੰਪੂਰਣ ਭਾਵ ਤਾਂ ਉਨ੍ਹਾਂ ਨੂੰ ਪਤਾ ਹੈ, ਪਰ ਜੋ ਗੁਰਬਾਣੀ ਤੋਂ ਮੇਰੀ ਸਮਝੇ ਪਿਆ ਹੈ, ਇਉਂ ਹੈ:-

ਇਨਸਾਨ ਨੂੰ ਖਾਣ, ਪੀਣ ਤੇ ਪਹਿਨਣ ਦੀ ਲੋੜ ਹੈ। ਇਨਸਾਨ ਨੂੰ ਆਪਣੀ ਔਲਾਦ ਨਾਲ ਪਿਆਰ ਹੈ, ਇਸ ਦੀਆਂ ਲੋੜਾਂ ਇਸ ਦੀ ਹਿੱਕ ਤੇ ਬੈਠਦੀਆਂ ਹਨ। ਇਨ੍ਹਾਂ ਲੋੜਾਂ ਦੇ ਪੂਰਨ ਕਰਨ ਲਈ ਇਹ ਜਤਨਾਂ ਵਿਚ ਲੱਗਾ ਰਹਿੰਦਾ ਹੈ। ਇਨ੍ਹਾਂ ਜਤਨਾਂ ਵਿਚ ਹੀ ਇਸ ਨੂੰ ਦੂਸਰੇ ਇਨਸਾਨਾਂ ਨਾਲ ਟਾਕਰਿਆਂ ਦੇ ਸਮੇਂ ਆ ਜਾਂਦੇ ਹਨ ਤੇ ਵੈਰ ਵਿਰੋਧ ਚੱਲ ਪੈਂਦੇ ਹਨ। ਏਹ ਵੈਰ ਵਿਰੋਧ ਨਿਰੇ ਸ਼ਖਸੀ ਹੀ ਨਹੀਂ ਰਹਿੰਦੇ ਸਗੋਂ ਕੌਮੀ ਤੇ ਮੁਲਕੀ ਬੀ ਹੋ ਟੁਰਦੇ ਹਨ। ਦੇਸ਼ ਦੇਸ਼ ਨਾਲ, ਕੌਮ ਕੌਮ ਨਾਲ ਬੜੇ ਵਡੇ ਪੈਮਾਨੇ ਤੇ ਜੰਗ ਛੇੜ ਲੈਂਦੀ ਹੈ। ਫਿਰ ਹਰ ਦੇਸ਼ ਅੰਦਰ ਵੱਸੋਂ ਵਧ ਗਈ ਹੈ, ਵਡੇ ਵਡੇ ਸੰਘਣੇ ਨਗਰ ਵਧ ਗਏ ਹਨ, ਸਿਹਤਾਂ ਠੀਕ ਨਹੀਂ ਰਹੀਆਂ। ਖਰਚ ਵਧ ਗਏ ਹਨ, ਸਾਮਾਨ ਭੋਗਾਂ ਦੇ ਤੇ ਤ੍ਰੀਕੇ ਰਹਣ ਦੇ ਵਧੇਰੇ ਖਰਚਾਂ ਵਾਲੇ ਹੋ ਗਏ ਹਨ, ਮਨ ਦਾ ਸੁਤੇ ਰੁਖ਼ ਉਦਾਸੀ ਵੱਲ ਹੈ। ਮਾਨੁਖ ਇਸ ਤਰ੍ਹਾਂ ਦਾ ਧੰਦਾਲਾਂ ਵਿਚ ਪਿਆ ਹਰ ਵੇਲੇ ਸੋਚਾਂ ਫਿਕਰਾਂ ਤੇ ਜੋੜਾਂ ਤੋੜਾਂ ਵਿਚ ਰਹਿੰਦਾ ਹੈ- ਕਿਵੇਂ ਗੁਜ਼ਾਰਾ ਕਰਾਂ? ਕਿਵੇਂ ਬਾਲ ਬੱਚੇ ਵਾਸਤੇ ਕਮਾ

ਕੇ ਲਿਆਵਾਂ? ਕਿਵੇਂ ਆਸੂਦਾ ਹੋਵਾਂ? ਦੂਸਰੇ ਬੜੇ ਸੁਖੀ ਹਨ, ਮੈਂ ਉਤਨਾਂ ਕਿਉਂ ਨਹੀਂ? ਰੀਸ, ਈਰਖਾ, ਵਾਦ, ਫਸਾਦ ਇਸ ਤਰ੍ਹਾਂ ਗਲੇ ਪੈ ਰਹੇ ਹਨ। ਸਿੱਟਾ ਕੀਹ ਨਿਕਲਿਆ ਹੈ? ਇਨਸਾਨ ਹਰ ਵੇਲੇ ਸੋਚਾਂ ਵਿਚ ਹੈ, ਫਿਕਰਾਂ ਵਿਚ ਹੈ, ਮਨੋਰਾਜ ਚੱਲ ਰਹੇ ਹਨ ਤੇ ਸੰਕਲਪਾਂ ਦੇ ਖੌਲਰ ਪੈ ਰਹੇ ਹਨ। ਥੱਕੇ ਹੋਏ ਸਰੀਰ ਰਾਤ ਨੂੰ ਅੱਕ ਕੇ ਜਦ ਸੌਂਦੇ ਹਨ ਤਾਂ ਸੁਫਨੇ ਵਿਚ ਬੀ ਉਹੀ ਹਰਕਤਾਂ ਕਰਦੇ ਪੂਰੇ ਆਰਾਮ ਵਿਚ ਨਹੀਂ ਜਾਂਦੇ। ਮਨੁੱਖ ਦੇ ਅੰਦਰ ਇਕ ਮਾਦਾ ਸੀ ਸੋਚ ਫਿਕਰ ਤੋਂ ਉੱਚਾ ਉੱਠਕੇ ਰਸ ਵਿਚ ਜਾਣ ਦਾ। ਕਿਸੇ ਓਪਰੇ ਰਸ ਵਿਚ ਨਹੀਂ ਆਪੇ ਦੇ ਰਸ ਵਿਚ ਜਿਵੇਂ ਬ੍ਰਿਛ ਹੈ, ਉਹ ਦੂਜੇ ਬ੍ਰਿਛ ਦੀ ਲੋੜ ਤੋਂ ਬਿਨਾਂ ਆਪਣੇ ਜੀਵਨ ਦੇ ਆਧਾਰ ਤੇ ਆਪਣੇ ਆਪ ਵਿਚ ਝੂਮਦਾ, ਮੌਲਦਾ, ਖਿੜਦਾ ਤੇ ਫਲਦਾ ਹੈ। ਉਹ ਆਪਣੇ 'ਜੀਵਨ-ਰਸ' ਦੇ ਆਧਾਰ ਤੇ ਹੈ-ਦ੍ਰਿਸ਼ਟਾਂਤ ਮਾਤ੍ਰ ਕਹਿ ਰਿਹਾ ਹਾਂ-ਤਿਵੇਂ ਮਾਨੁਖ ਨਹੀਂ ਰਿਹਾ। ਹੁਣ ਮਨੁੱਖ ਆਪੇ ਦੇ ਰਸ ਨੂੰ, ਆਪਣੇ ਜੀਵਨ ਦੇ ਰਸ ਨੂੰ, ਜੋ ਆਪੇ ਦੇ ਆਪੇ ਵਿਚ ਆ ਜਾਣ ਦਾ ਹੈ, ਭੁੱਲ ਗਿਆ ਹੈ। ਇਸ ਨੂੰ ਹੁਣ ਬਾਹਰ ਦੇ ਕੁਦਰਤੀ ਸੁੰਦਰਤਾ ਵਾਲੇ 'ਪਦਾਰਥ' ਤੇ 'ਤੇਜ' ਬੀ ਅਸਚਰਜ ਵਿਚ ਪਾ ਕੇ ਆਪੇ ਦੇ ਰਸ ਵਿਚ ਨਹੀਂ ਲੈ ਜਾਂਦੇ, ਜਿਵੇਂ ਕਿ ਚੰਦ ਸੂਰਜ ਦੇ ਨਜ਼ਾਰੇ, ਅਗਨੀ ਪ੍ਰਜ੍ਵਲਤ ਸੁੰਦਰਤਾ, ਜਲ ਪ੍ਰਵਾਹਾਂ ਦੇ ਵੇਗ, ਸਾਗਰ ਦੀ ਵਿਸ਼ਾਲਤਾ, ਗਗਨ ਮੰਡਲ ਦੀ ਨੂਰ ਬਹਾਰ, ਚਿਮਨਾਂ ਤੇ ਬਾਗਾਂ ਦੀ ਰੰਗ ਰੂਪ ਤੇ ਸੁਗੰਧਿ ਲੀਲਾ, ਬਨਾਂ ਵਿਚ ਪੈ ਰਹੀ 'ਪ੍ਰਕਾਸ਼' 'ਛਾਯਾ' ਦੀ ਗੰਗਾ ਜਮਨੀ ਤੇ ਅਡੋਲਤਾ ਦਾ ਸੁਹਾਉ। ਇਸ ਸ਼ੈ ਦੀ ਹਾਨੀ ਹੋਣ ਨਾਲ ਮਨ ਨਿਰਬਲ ਤੇ ਰਸਹੀਨ ਹੋ ਜਾਂਦਾ ਹੈ। ਪਰ ਜੋ ਮਨ ਚਿੰਤਾ ਤੋਂ ਅਤੀਤ ਹੈ, ਫਿਕਰ ਨਾਲ ਖਾਧਾ ਨਹੀਂ ਗਿਆ, ਈਰਖਾ ਨਾਲ ਲੂਸਿਆ ਨਹੀਂ ਗਿਆ, ਉਹ ਮਨ ਜੇ ਆਪਣੇ ਅੰਦਰੋਂ ਆਪਣੇ ਰਸ ਵਿਚ ਨਹੀਂ ਜਾਂਦਾ ਤਾਂ ਇਨ੍ਹਾਂ ਨਜ਼ਾਰਿਆਂ ਨਾਲ ਹੀ ਉੱਚਾ ਉੱਠ ਜਾਂਦਾ ਹੈ ਤੇ ਆਪ ਦੇ ਰਸ ਨੂੰ-ਆਪਣੇ ਜੀਵਨ ਰਸ ਨੂੰ-ਆਪੇ ਦੀ ਮਗਨਤਾ ਵਿਚ ਮਾਣ ਲੈਂਦਾ ਹੈ। ਜਿਨ੍ਹਾਂ ਨੂੰ ਏਸ ਰਸ ਦਾ ਪੂਰਨ ਰਸੀਏ ਵਾਂਙੂ ਪਤਾ ਸੀ ਉਨ੍ਹਾਂ ਦਾ ਮਨ ਅੰਦਰੋਂ ਆਪੇ 'ਆਪੇ ਦੇ ਰਸ' ਵਿਚ ਰਹਿੰਦਾ ਸੀ। ਫੇਰ ਉਨ੍ਹਾਂ ਨੂੰ ਏਹ ਨਜ਼ਾਰੇ ਵਧੇਰੀ ਮਦਦ ਦਿੰਦੇ ਸੀ। ਦੇਖੋ ਗੁਰੂ ਨਾਨਕ ਦੇਵ ਜੀ ਨੂੰ, ਏਹ ਨਜ਼ਾਰੇ ਦੇਖ ਕੇ ਕੀਕੂੰ ਇਹ ਰਸ-ਵਿਸਮਾਦ ਦਾ ਰਸ-ਆਉਂਦਾ ਹੈ। ਉਸ ਹਰੇ-ਭਰੇ ਪ੍ਰਫੁੱਲਤ ਅਤੇ ਆਪੇ ਵਿਚ ਸੁਰਜੀਤ ਮਨ ਨੂੰ ਕਿਵੇਂ ਇਹ ਵਿਸਮਾਦ ਦਾ ਸੁਆਦ ਹਰ ਸ਼ੈ ਤੋਂ ਮਿਲਦਾ ਹੈ, ਜੋ ਸਾਨੂੰ ਫਿਕਰਾਂ ਮਾਰਿਆਂ ਨੂੰ ਨਹੀਂ ਮਿਲਦਾ। ਆਪ ਫੁਰਮਾਉਂਦੇ ਹਨ :-

**ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥**
**ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥**
**ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥**
**ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥**
**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਸਮਾਦੁ ਭੁਖ ਵਿਸਮਾਦੁ ਭੋਗੁ॥**
**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥**
**ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥੧॥**

(ਵਾਰ ਆਸਾ ਮ: ੧-੩ - ੪੬੩)

ਧਿਆਨ ਕਰਨਾ ਖਾਲਸਾ ਜੀ! ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਅੱਜ ਅਵਤਾਰ ਦਿਨ ਆਪ ਮਨਾ ਰਹ ਹੋ, ਫੁਰਮਾਉਂਦੇ ਹਨ "ਵੇਖਿ ਵਿਡਾਣੁ ਰਹਿਆ ਵਿਸਮਾਦੁ" ਮੈਂ ਇਹ ਅਸਚਰਜ ਵੇਖ ਕੇ ਵਿਸਮਾਦ ਹੋ ਰਿਹਾ ਹਾਂ, ਪਰ ਅਸੀਂ ਤਾਂ ਇਨ੍ਹਾਂ ਨਜ਼ਾਰਿਆਂ ਨੂੰ ਵੇਖਕੇ ਵਿਡਾਣ ਨਹੀਂ ਸਮਝਦੇ ਅਰ ਵਿਸਮਾਦੁ ਬੀ ਕੋਈ ਨਹੀਂ ਹੁੰਦੇ। ਸਾਡਾ ਆਪੇ ਦਾ 'ਮੱਚ' ਮਰ ਚੁਕਾ ਹੈ। ਇਨਸਾਨ ਇਕ ਸੋਚ ਮਾਤ੍ਰ ਤੇ ਸੋਚ ਤੋਂ ਅਗੇ ਫਿਕਰ ਦੀ ਕਲਾ (ਮਸ਼ੀਨ) ਬਣ ਗਿਆ ਹੈ, ਇਸ ਦਾ ਆਪੇ ਦਾ ਆਪਾ ਮਾਨੋ ਗੁਆਚ ਗਿਆ ਹੈ, ਪਰ ਇਸਦੇ ਅੰਦਰ ਆਪੇ ਵਿਚ ਗੁੰਮ ਹੋ ਕੇ ਰਸ ਲੈਣ ਦਾ ਕੁਛ ਭੁਸ ਜੇਹਾ ਅਜੇ ਹੈ, ਜਿਸ ਲਈ ਇਹ ਤਮਾਸ਼ੇ, ਨਾਟ, ਸਿਨੇਮਾ, ਥੀਏਟਰ ਰਚਦਾ ਹੈ, ਨਸ਼ੇ ਸੇਵਨ ਕਰਦਾ ਹੈ ਤੇ ਹੋਰ ਹੀਲੇ ਬਣਾਉਂਦਾ ਹੈ, ਪਰ ਓਹ ਸਾਰੇ ਘੜੀ ਦੀ ਘੜੀ ਪਰਚਾਵਾ ਕਰਕੇ ਮੁੱਕ ਜਾਂਦੇ ਹਨ ਤੇ ਉਨ੍ਹਾਂ ਵਿਚ ਬੀ ਆਪਾ ਤੇ ਸਰੀਰ ਖਰਚ ਹੀ ਹੁੰਦਾ ਹੈ। ਹੁਣ ਜਤਨਾਂ ਜੋਧਨਾਂ ਨਾਲ ਥੱਕੇ ਦਿਮਾਗ਼ ਹੋਰ ਤਰ੍ਹਾਂ ਦੇ ਜਤਨਾਂ ਜੋਧਨਾਂ ਵਾਲੇ ਸਾਮਾਨਾਂ ਵਿਚ ਪਰਚਾਵੇ ਸਮਝਦੇ ਹਨ। ਪਰ ਆਪਾ ਤਾਂ ਜਤਨਾਂ ਜੋਧਨਾਂ ਵਿਚ ਹੀ ਰਹਿੰਦਾ ਹੈ, ਵਟਾਉ ਸਟਾਉ ਹੁੰਦਾ ਹੈ, ਸੋ ਅਸਲੀ ਥਕਾਨ ਕਿਵੇਂ ਹਟੇ? ਅਰਥਾਤ ਜੇ ਸਾਰੇ ਦਿਨ ਦੇ ਕੰਮ ਥਕਾਨ ਤੇ ਅਕਾਨ ਜਤਨ ਸਰੂਪ ਹਨ ਤਾਂ ਤਮਾਸ਼ੇ ਆਦਿ ਬੀ ਅੱਖਾਂ ਦਿਮਾਗ਼ ਨੂੰ ਜਤਨ ਵਿਚ ਹੀ ਲੈ ਜਾਂਦੇ ਹਨ, ਨਿਰਾ ਵਟਾਉ ਸਟਾਉ ਹੁੰਦਾ ਹੈ, ਜਿਸ ਕਾਰਨ ਕੁਛ ਫਰਕ ਤਾ ਪੈਂਦਾ ਹੈ ਪਰ ਸੁਰਤ ਨੂੰ ਪੂਰਾ ਆਰਾਮ ਦਾ ਸਾਮਾਨ ਕੋਈ ਨਹੀਂ, ਸਿਵਾਏ ਨੀਂਦ ਦੇ; ਉਹ ਬੀ ਸੁਪਨਿਆਂ ਭਰੀ ਪੂਰੀ ਅਰਾਮਤਾ ਨਹੀਂ ਹੋਣ ਦਿੰਦੀ, ਸੋ ਉਨ੍ਹਾਂ ਤਮਾਸ਼ਿਆਂ ਸਿਨੇਮਾ ਆਦਿਕਾਂ ਵਿਚ ਇਨਸਾਨ ਆਪਣੀਆਂ ਗਲਤੀਆਂ, ਮੂਰਖਤਾਈਆਂ, ਜਤਨਾਂ ਜੋਧਨਾਂ, ਫਿਕਰਾਂ, ਚਿੰਤਾਂ, ਲੜਾਈਆਂ, ਝਗੜਿਆਂ ਦੇ ਸ੍ਵਾਂਗ ਭਰ ਭਰਕੇ ਹੀ ਦੇਖਦਾ ਤੇ ਖੁਸ਼ ਹੁੰਦਾ ਹੈ ਆਪਣੀ ਹੀ ਨਕਲ ਉਤਾਰੀ ਉਤੇ। ਮੇਰਾ ਭਾਵ ਇਹ ਹੈ ਕਿ ਇਨਸਾਨ ਫਿਕਰਾਂ ਵਾਲਾ ਜੰਤੂ ਬਣਕੇ ਫਿਕਰ ਸਰੂਪ ਹੋ ਗਿਆ ਹੈ ਤੇ ਆਪੇ ਦੇ ਟਿਕਾਉ ਦਾ ਰਸ ਭੁੱਲ ਗਿਆ ਹੈ। ਸੋਚ ਦੀ ਸਤਜਾ ਜੋ ਇਸ ਨੂੰ ਮਿਲੀ ਸੀ, ਜੋ ਇਸ ਨੂੰ ਪਸ਼ੂਆਂ ਤੋਂ ਉੱਚਿਆਂ ਕਰਦੀ ਸੀ, ਉਹ ਉੱਤਮ ਵਸਤੂ ਸੀ, ਉਸ ਨਾਲ ਇਸ ਦੀ ਵੀਚਾਰ ਵਧੇ ਤੇ ਇਹ ਵਾਕਫੀ ਵਿਚ ਵਿਸ਼ਾਲ ਹੋਕੇ ਉੱਚੇ ਜੀਵਨ ਵਿਚ ਜਾ ਕੇ ਸੁਖ ਪਾਵੇ, ਉਹ ਪੱਖ ਘਟ ਹੋ ਗਿਆ ਹੈ। ਇਸਦੀ ਹਰ ਵਾਕਫੀ, ਇਸ ਦੀਆਂ ਸਾਰੀਆਂ ਮਾਲੂਮਾਤ ਇਸ ਨੂੰ ਪਰਸਪਰ ਵਿਰੋਧਾਂ ਵਿਚ ਤੇ ਆਪੋ ਵਿਚ ਦੇ ਜੰਗਾਂ ਜੁੱਧਾਂ ਵਿਚ ਬਲਵਾਨ ਕਰ ਗਈਆਂ ਹਨ ਤੇ ਇਸਦੇ ਆਪੇ ਨੂੰ ਹੋਰ ਜਤਨਾਂ ਵਿਚ ਪਾ ਗਈਆਂ ਹਨ। ਇਸ ਦੇ ਹੁਣ ਲਗਪਗ ਸਾਰੇ ਜਤਨ ਇਸਦੀ ਆਪ ਲੱਭੀ ਸਭਜਤਾ ਦੇ ਵਿਸਰਜਨ ਕਰਨ ਵਿਚ ਖਰਚ ਹੋ ਰਹੇ ਦਿੱਸ ਰਹੇ ਹਨ। ਕੋਈ ਘੜੀ ਇਨਸਾਨ ਨੂੰ 'ਆਪੇ ਦੇ ਸੁਖ' ਦੀ-ਜੋ ਅਸਲ ਸੁਖ ਹੈ-ਆਵੇ, ਇਹ ਗੱਲ ਗਈ ਆਈ ਹੋ ਗਈ। ਜੈਸਾ ਕਿ ਮੈਂ ਹੁਣੇ ਕਿਹਾ ਹੈ: ਜੋ ਕੁਛ ਦਿਲ ਪਰਚਾਵੇ ਬੀ ਇਸ ਨੇ ਬਣਾਏ ਹਨ ਉਹ ਆਪੇ ਨੂੰ ਆਪੇ ਦੇ ਰਸ ਵਿਚ ਨਹੀਂ ਲੈ ਜਾਂਦੇ, ਪਰ ਹੋਰ ਤਰ੍ਹਾਂ ਦੇ ਜਤਨਾਂ ਵਿਚ ਪਾ ਕੇ ਪਰਚਾਵੇ ਮਾਤ੍ਰ ਤੇ ਮੁੱਕ ਜਾਂਦੇ ਹਨ। ਇਨ੍ਹਾਂ ਦਾ ਫਲ ਆਪੇ ਦਾ ਪੂਰਾ ਥਕਾਨ ਉਤਾਰਵਾਂ ਹੋਵੇ, ਕੁਛ ਉਚਿਆਂ ਕਰਨਾ ਹੋਵੇ, ਨਹੀਂ ਪੈ ਰਿਹਾ, ਸਗੋਂ ਇਨ੍ਹਾਂ ਦਾ ਆਪਣਾ ਇਕ ਥਕਾਨ ਬੀ ਹੁੰਦਾ ਹੈ।

ਅਸੀਂ ਇਕ ਪ੍ਰਯਤਨ ਦਾ ਦੂਸਰੇ ਪ੍ਰਯਤਨ ਨਾਲ ਵਟਾਂਦਰਾ ਕਰਦੇ ਹਾਂ। ਇਉਂ ਇਨਸਾਨ ਹਰ ਵੇਲੇ ਜਤਨ ਜੋਧਨ, ਰੀਸ ਈਰਖਾ ਵਾਲੀ, ਝਗੜੇ ਦੇ ਫਸਾਦਾਂ ਵਿਚ ਤੇ ਇਕ ਦੂਏ ਨੂੰ ਜ਼ੇਰ ਕਰਨ ਵਿਚ ਲਗਾ, ਆਪ ਦੇ ਗੁਣਾਂ-ਪ੍ਰੇਮ, ਮਾਫੀ, ਦਰਗੁਜ਼ਰੀ, ਭਲਿਆਈ, ਵਿਸ਼ਾਲਤਾ, ਉਚਜਾਈ ਵਿਚ ਘਟਦਾ ਜਾਂਦਾ ਹੈ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

✧ ✧ ✧ ✧ ✧

# Khalsa Raj on the Borders of Delhi:
## The Valiant Banda Bahadur in Tagore's Imagination

❖ **Dr. Chhanda Chatterjee**

Rabindranath Tagore had devoted three of his writings on the noble exploits of the Sikh hero Banda Singh Bahadur. Of them two were poems and another was a piece of prose. The prose piece *Sikh Swadhinata* with which he started, was written very early in 1895 in the youth magazine *Balak* published by his sister-in-law, Jnanyadanandini Devi for rallying the youth of the country. Tagore believed that the youth of the country must have an awareness of the glorious heritage of their country in order to proceed on the path of a bright future. Tagore was born during an age when the country was being ruled by the British. The text books of *history* that he was brought up on during his school days seemed almost repulsive to him. They were merely occupied with tales of the occupation of the country by successive sets of invaders from the north-western passes – the Turko-Afghans, the Mughals and later on the European merchants from the coasts – who initially came as traders but subsequently assumed the position of rulers. Such unimaginative texts were bound to breed a spirit of despondency in their readers and give rise to a servile mentality. Students raised on such a diet of repeated failures and dishonour were to grow into a very timid and nervous lot, who would never be able to rise above their state of subjection to foreign rule. If these young minds were to be inspired to achieve something great then they needed to learn of the noble exploits of their ancestors. They were to achieve a state of mind where 'life and death were like slaves at their feet and where their heart was absolutely free' (*Jiban mrityu prayer bhritya, chitta bhabanahin*). The noble visage of the Sikhs and the glorious tales of their martyrdom filled the country's youth with courage to dare their foreign masters at the cost of their lives. Once they learnt that their forefathers had defied and did not hesitate to pay with their lives to ascend new heights of glory they too were inspired to defy all the hurdles on their path and rise on the wave of greatness.

Tagore's prose piece on Banda was characteristically named as *Sikh Swadhinata* to indicate how the great Banda Bahadur had taken Khalsa Raj nearly to the gates of the Mughal capital at Delhi and had struck terror in the heart of Mughal Generals and the Mughal Badshah (*Dilli/prasadkute/hotha barbar Badshahjadar tandra jetechhe chhute*). The essay started with how the Tenth Guru, Guru Gobind Singh had left the responsibility of fulfilling his mission of achieving the freedom of the Sikhs to his trusted lieutenant Banda Bahadur. The Guru had met Banda during his stay at Nanded and instilled the dream of establishing a free *Khalsa Raj* by removing all traces of foreign rule from the Sikh homeland. 'It was one of the *brats* of Guru Gobind Singh to free his nation from the oppressive foreigners' Tagore had written, 'and Banda took up that *brat*'.

Banda then started collecting the Sikhs from everywhere around him. He stamped the imprint of his valour on entire Punjab. Mughal rule was exterminated from Sirhind. The ruler of Sirhind was killed. He established a fort at Sirmur and occupied the entire territory between the Sutlej and the Yamuna. His swords were carried as far as the Saharanpur district, which he turned almost to a desert. Desultory wars continued with the Mughals and once the yellow flag of the Sikhs flew on almost the whole of Punjab, Banda took up his residence on the Jammu hills.

The death of the Mughal Emperor Bahadur Shah and the onset of the war of succession among his heirs provided Banda with an opportunity to build a large and very strong fort in the territory between the Ravi and the Beas at Gurdaspur. The Subedar of Lahore proceeded against the Sikhs and there was a deadly encounter. The Sikhs lost the war. They then sent a Sikh contingent to Sirhind. Bayazid Khan, the Governor of Sirhind attacked the Sikhs. A Sikh stealthily entered the tent of Bayazid Khan during the encounter and killed him.

Unnerved by this calamity, the Mughal Emperor asked Abdul Samad Khan, the able Turani Governor of Kashmir, to proceed against the Sikhs and sent a strong Mughal force from Delhi in his aid. Samad Khan took thousands of Turanis along with a cannon from Lahore with him and pounced on the Sikhs. Initially the Sikhs ravaged the Mughal forces but the endless stream of Mughal forces at last forced them to lock themselves up inside the fort of Gurdaspur.

Rabindranath Tagore gave a very poetic description of the siege of the fort of Gurdaspur in a poem published in the Bengali journal *Prabashi* in 1935. The poem was named *Sikh* and was written to immortalize the martyrdom of the young Sikh Nihal Singh. Let me quote a few lines here to show how the poet had captured the ambience of the siege –

*The Mughal soldiers surrounded the fort of Gurdaspur. The Sikhs were inside the fort and their leader was Banda Singh*

*No food entered the fort*
*All exits were closed.*
*Cannon balls were crossing the fort walls*
*From time to time*
*The horizons on all the four sides of the night sky*
*Looked blood shot in the glow of the light of the torches.*

*There was no wheat or gram left in the store*
*There was no fuel either*
*Devoured by hunger they had to eat even raw flesh*
*Some tried eating the flesh of their own thighs*
*They reduced the barks and branches of trees to powder*
*And prepared bread from it.*

When at last all the food and water ran out in the fort, Banda was compelled to surrender. Altogether 740 Sikhs were captured. In another poem of 1899 called 'Bandi Bir' Tagore compared Banda to a lion in chains when he was being taken captive to Delhi. The Mughals preceded him with the severed heads of the Sikhs stuck on their spears. But the Sikhs never wavered and did not know what fright was. They progressed with the words 'hail to the Guru on their lips'.

Once the Sikhs were brought to Delhi, the Mughals started sending them to the gallows. The place of slaughter was also a witness to the courage of the Sikhs and the resilience of their character:

*There was a great commotion*
*All of them hurried to give up their lives*
*And none was to be outdone by the other*
*The captives all queued up in rows*
*Early everyday as the dawn broke*
*Hundreds of heroic men dedicated a hundred heads*
*With the cry 'hail to the Guru' on their lips.*

Tagore used the same context to write another poem several years later in 1935. The selfless courage with which Bhagat Singh had embraced martyrdom and hundreds of Sikhs embraced the gallows during the days of civil disobedience in the 1930s inspired him the bring up the memory of a young captive in Banda Bahadur's train. It was with Bhagat Singh's young face in mind that he must have written of the boy Nihal Singh :

*Nihal Singh was a young lad*
*In his young and composed face*
*Shone the radiance of his heart*
*His silent eyes spoke of*
*The morning prayer of the pilgrims.*
*His lithe young figure*
*Stood like a statue sculpted by some divine artist*
*With the instrument of lightning.*
*He was not more than eighteen or nineteen*
*Like a sapling of oak*
*Which had raised its head*
*And yet it could*
*Still wave to the southerly wind.*
*His entire body and mind*
*Was full of the brim*
*With the unending force of life.*

Nihal Singh's mother had moved the Mughal official Sayyid Abdullah Khan saying that her son was merely a captive forcibly taken away by Banda's forces from home and he was not really a Sikh. The Governor sent orders for his release, but the boy was not ready to save his own life at the cost of his religion. He proudly declared that he was a Sikh and went to the gallows with the zeal of a devout Sikh.

*The boy's face reddened*
*In despair and shame*
*He spoke with a great vehemence,*
*'I don't want to live with a resort to lies*
*In truth lies my ultimate emancipation*
*I am a Sikh.'*

Equally valiant proved to be Banda Bahadur's young son, whom Banda had been ordered to kill with his own hands. Tagore has added a poignant description of his moments in the poem 'Bandi Bir :

*Banda did not speak*
*Slowly he drew the small boy*
*close to him.*
*For a moment he rested his right hand*
*On the head of the boy*
*Then only once did he kiss*
*The red turban on the boy's head.*
*Thereafter very slowly he took out*
*His knife from his waistband*
*Looking intently at the boy's face*
*He whispered slowly in his ears 'hail to the Guru*
*There is nothing to fear my boy'.*

Yet more touching was the boy's response. For a true Sikh boy fear was a thing unheard of. Unlike some frail young lad this lion cub responded like a worthy son of his father.

*His young face flushed with*
*a fearless courage*
*He took the court by surprise*
*Singing in his young voice*
*'Hail to the Guru, there is nothing to fear'*
*And looked at Banda.*

*Banda folded him with*
*his left hand*
*And with his right hand*
*He forced the knife in the chest of his son.*
*The boy fell to the ground with the words*
*'Hail to the Guru.'*

Tagore had known Punjab very early in his life. He had visited the Hari Mandir with his father when he was only

*Continued on Page 11*

# ਸੂਬਾ ਸਰਹਿੰਦ ਦੇ ਪਹਿਲੇ ਸਿੱਖ ਗਵਰਨਰ
# ਭਾਈ ਬਾਜ਼ ਸਿੰਘ

ਸਿਰਫ਼ ਨਾਂ ਦਾ ਹੀ ਬਾਜ਼ ਨਹੀਂ, ਬਾਜ਼ ਵਰਗਾ ਫੁਰਤੀਲਾ ਤੇ ਸ਼ਕਤੀਸ਼ਾਲੀ ਚਰਿੱਤਰ ਵੀ ਸੀ ਉਸਦਾ। ਜੰਗ ਵਿਚ ਦੁਸ਼ਮਣ ਤੇ ਹਮੇਸ਼ਾ ਬਾਜ਼ ਦੀ ਨਿਆਈਂ ਝਪਟਦਾ, ਉਸਦੀ ਪਕੜ 'ਚੋਂ ਵੈਰੀ ਦਾ ਬਚ ਨਿਕਲਨਾ ਨਾਮੁਮਕਿਨ ਜਿਹੀ ਗੱਲ ਸੀ। ਚਪੜਚਿੜੀ ਦੀ ਫੈਸਲਾਕੁੰਨ ਜੰਗ 'ਚ ਜਦ ਵਿਰੋਧੀ ਆਗੂ, ਵਜ਼ੀਰ ਖ਼ਾਂ ਬਾਜ਼ ਸਿੰਘ ਦੀ ਫੁਰਤੀ ਵੇਖ ਕੇ ਉਸ ਨੂੰ ਮਾਰ ਮੁਕਾਉਣ ਲਈ ਉਸ ਵਲ ਵਧਿਆ ਤਾਂ ਬਾਜ਼ ਸਿੰਘ ਨੇ ਉਸਦੇ ਤੀਰ, ਤਲਵਾਰ ਤੇ ਨੇਜ਼ੇ ਦੇ ਵਾਰਾਂ ਦਾ ਨਿਧੜਕ ਹੋ ਸਾਹਮਣਾ ਕੀਤਾ ਤੇ ਜ਼ਖ਼ਮੀ ਹੋ ਕੇ ਵੀ ਲੜਦਾ ਰਿਹਾ। ਅਖ਼ੀਰ ਬਾਜ਼ ਸਿੰਘ ਤੇ ਉਸਦੇ ਇਕ ਸਾਥੀ ਫਤਿਹ ਸਿੰਘ ਨੇ ਵਜ਼ੀਰ ਸਿੰਘ ਨੂੰ ਪਾਰ ਬੁਲਾ ਕੇ ਹੀ ਸਾਹ ਲਿਆ। ਇਸ ਜੰਗ ਵਿਚ ਬਾਜ਼ ਸਿੰਘ ਦੀ ਇਹ ਇਕ ਬਹੁਤ ਵੱਡੀ ਕਾਮਯਾਬੀ ਸੀ ਜਿਸਨੇ ਸਿੱਖ ਸਲਤਨਤ ਦੀ ਕਾਇਮੀ ਦਾ ਰਾਹ ਪੱਧਰਾ ਕਰ ਦਿੱਤਾ। ਸਿਰਲੱਥ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਹਰ ਜੰਗ ਵਿਚ ਅੱਗੇ ਹੋ ਜੂਝਣ ਵਾਲਾ ਬਾਜ਼ ਸਿੰਘ ਸਰਹਿੰਦ ਦੀ ਜਿੱਤ ਮਗਰੋਂ ਸਰਹਿੰਦ ਦਾ ਗਵਰਨਰ ਵੀ ਬਣਿਆ ਤੇ ਬਾਬੇ ਬੰਦੇ ਨਾਲ ਅੰਤ ਸਮੇਂ ਤਕ ਨਾਲ ਰਿਹਾ ਤੇ ਅਖ਼ੀਰ ਉਸ ਨਾਲ ਹੀ ਬੇਖ਼ੌਫ਼ ਸ਼ਹੀਦੀ ਪਾਈ।

ਬੱਲ ਗੋਤ ਦਾ ਜੱਟ ਭਾਈ ਬਾਜ਼ ਸਿੰਘ ਮੀਰਪੁਰ ਪੱਟੀ ਦਾ ਰਹਿਣ ਵਾਲਾ ਸੀ। ਭਾਈ ਬਾਜ਼ ਸਿੰਘ ਨੂੰ ਕਲਗੀਧਰ ਮਹਾਰਾਜ ਹੱਥੋਂ ਅੰਮ੍ਰਿਤ ਛੱਕਣ ਦਾ ਮਾਣ ਹਾਸਲ ਹੋਇਆ। ਇਹ ਅੰਮ੍ਰਿਤ ਦੀ ਸ਼ਕਤੀ ਸੀ ਅਤੇ ਵਡਿਆਂ ਦਾ ਥਾਪੜਾ ਕਿ ਬਾਜ਼ ਸਿੰਘ ਨੇ ਇਤਿਹਾਸ ਦੀ ਦਿਸ਼ਾ ਮੋੜਨ 'ਚ ਨਵੇਂ ਦਿਸਹੱਦੇ ਕਾਇਮ ਕੀਤੇ। ਸਿਰਫ਼ ਬਾਜ਼ ਸਿੰਘ ਹੀ ਨਹੀਂ ਇਸਦੇ ਬਾਕੀ ਤਿੰਨ ਭਰਾ - ਭਾਈ ਭਗਵੰਤ ਸਿੰਘ, ਭਾਈ ਕੁਇਰ ਸਿੰਘ ਅਤੇ ਭਾਈ ਸ਼ਾਮ ਸਿੰਘ ਵੀ ਬਲਵਾਨ ਯੋਧੇ ਸਨ। ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਬਖ਼ਸ਼ਿਸ਼ ਲੈ ਪਹੁੰਚੇ ਇਹ ਚਾਰੋਂ ਭਾਈ ਬਾਬੇ ਬੰਦੇ ਦੀ ਫ਼ੌਜ ਦਾ ਹਿੱਸਾ ਸਨ। ਚਾਰੋਂ ਭਾਈ ਭਾਈ ਮਨੀ ਸਿੰਘ ਸ਼ਹੀਦ ਦੇ ਚਾਚੇ ਨਠੀਏ ਦੇ ਸਪੁੱਤਰ ਸਨ। ਆਪਣੇ ਇਲਾਕੇ ਦਾ ਪ੍ਰਭਾਵਸ਼ਾਲੀ ਵਿਅਕਤੀ ਭਾਈ ਨਠੀਆ ਜੀ ਦੇ ਪਰਿਵਾਰ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਬਹੁਤ ਕਿਰਪਾ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਜਥੇਦਾਰ ਥਾਪ ਪੰਜਾਬ ਭੇਜਿਆ ਤਾਂ ਨਾਲ ਪੰਜ ਸਿੰਘ ਵੀ ਤੋਰੇ ਜਿਹਨਾਂ ਦੀ ਅਗਵਾਈ 'ਚ ਰਹਿਣ ਅਤੇ ਸਲਾਹ-ਮਸ਼ਵਰਾ ਕਰਨ ਦਾ ਬੰਦੇ ਨੂੰ ਆਦੇਸ਼ ਸੀ। ਇਨ੍ਹਾਂ ਪੰਜਾਂ ਸਿੰਘਾਂ 'ਚ ਭਾਈ ਬਾਜ਼ ਸਿੰਘ ਵੀ ਸ਼ਾਮਲ ਸੀ। ਬਾਬੇ ਬੰਦੇ ਨੇ ਪੰਜਾਬ ਵਿਚ ਜਿੱਤਾਂ ਦਰਜ ਕਰਨ ਮਗਰੋਂ ਜਦੋਂ ਸਰਹਿੰਦ ਨੂੰ ਫ਼ਤਹਿ ਕੀਤਾ ਤਾਂ ਬਾਜ਼ ਸਿੰਘ ਨੂੰ ਸਰਹਿੰਦ ਦਾ ਗਵਰਨਰ ਥਾਪਿਆ। ਸਿੱਖ ਜਰਨੈਲ ਬਾਜ਼ ਸਿੰਘ ਸਾਹਮਣੇ ਇਹ ਇਕ ਨਵੀਂ ਕਿਸਮ ਦੀ ਜ਼ਿੰਮੇਵਾਰੀ ਸੀ ਜੋ ਪ੍ਰਬੰਧਕੀ ਫ਼ਰਜ਼ਾਂ ਨਾਲ ਜੁੜੀ ਹੋਈ ਸੀ। ਇਸ ਪ੍ਰਬੰਧ ਵਿਚ ਬਾਜ਼ ਸਿੰਘ ਦੇ ਸਾਹਮਣੇ ਸਭ ਤੋਂ ਪਹਿਲਾਂ ਜੰਗ ਦੌਰਾਨ ਹੋਈ ਸ਼ਹਿਰ ਦੀ ਬਰਬਾਦੀ ਦਾ ਮੰਜ਼ਰ ਸੀ। ਥਾਂ-ਥਾਂ ਸਿੱਖਾਂ ਤੇ ਮੁਗ਼ਲਾਂ ਦੀਆਂ ਲਾਸ਼ਾਂ ਦੇ ਢੇਰ, ਝਟਪਟ ਹੀ ਉਸ ਇਸ ਸਭ ਦੇ ਸਸਕਾਰ ਤੇ ਦਫਨਾਉਣ ਦਾ ਪ੍ਰਬੰਧ ਕੀਤਾ। ਸ਼ਹਿਰ ਦੀ ਸਫ਼ਾਈ ਕਰਵਾਈ ਤੇ ਉਸ ਥਾਂ ਦੀ ਵੀ ਸੰਭਾਲ ਲਈ ਯਤਨ ਆਰੰਭੇ ਜਿੱਥੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਹੋਇਆ ਸੀ। ਇਹ ਆਪਣੇ ਆਪ 'ਚ ਇਕ ਬਹੁਤ ਮਹੱਤਵਪੂਰਨ ਕਾਰਜ ਸੀ। ਬਾਬਾ ਬੰਦਾ ਸਿੰਘ ਦੇ ਮਿਸ਼ਨ ਵਿਸਤਾਰ ਤਹਿਤ ਅਗਾਂਹ ਕੂਚ ਕਰ ਜਾਣ ਤੇ ਸਰਹਿੰਦ ਦਾ ਸਾਰਾ ਪ੍ਰਬੰਧ ਹੁਣ ਬਾਜ਼ ਸਿੰਘ ਦੀ ਜ਼ਿੰਮੇਵਾਰੀ ਸੀ।

ਭਾਈ ਬਾਜ਼ ਸਿੰਘ ਨੇ ਸਭ ਤੋਂ ਪਹਿਲਾਂ ਉਨ੍ਹਾਂ ਥਾਵਾਂ ਨੂੰ ਸੁਰਜੀਤ ਕੀਤਾ ਜਿੱਥੋਂ ਇਤਿਹਾਸ ਦੀ ਮੁਗ਼ਲਈ ਰੈਣ 'ਚੋਂ ਖਾਲਸਈ ਸਵੇਰ ਦਾ ਸੂਰਜ ਨਿਕਲਿਆ ਸੀ। ਭਾਈ ਬਾਜ਼ ਸਿੰਘ ਨੇ ਆਪਣੇ ਨਾਲ ਯੋਗ ਅਹਿਲਕਾਰਾਂ ਦੀ ਨਿਯੁਕਤੀ ਕੀਤੀ ਤੇ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਘੋੜੇ ਤੇ ਸਵਾਰ ਹੋ ਇਲਾਕੇ ਦਾ ਚੱਕਰ ਲਾਇਆ। ਉਹ ਪਿੰਡਾਂ ਅਤੇ ਲਾਗਲੇ ਸ਼ਹਿਰਾਂ ਵਿਚ ਵੀ ਗਿਆ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਬੜੇ ਗਹੁ ਨਾਲ ਸੁਣਿਆ। ਹੁਣ ਸੀਨ ਬਦਲ ਚੁੱਕਾ ਸੀ, ਹਰ ਥਾਂ ਉਸ ਸਿੱਖ ਸਿਪਾਹੀ ਤੈਨਾਤ ਕੀਤੇ ਤੇ ਆਕੀਆਂ ਦੀ ਖ਼ਬਰ ਲਈ। ਪਿੰਡਾਂ ਦੇ ਚੌਧਰੀ ਤੇ ਇਲਾਕਿਆਂ ਦੇ ਜੱਟ ਜਿਮੀਂਦਾਰ ਭਾਈ ਬਾਜ਼ ਸਿੰਘ ਨੂੰ ਸਲਾਮ ਮਾਰਦੇ। ਪਰ ਭਾਈ ਬਾਜ਼ ਸਿੰਘ ਇਨ੍ਹਾਂ ਦੀ ਨਬਜ਼ ਨੂੰ ਚੰਗੀ ਤਰ੍ਹਾਂ ਪਛਾਣਦਾ ਸੀ। ਉਹ ਰੁਲਦੀ ਕਿਸਾਨੀ ਦੇ ਦੁੱਖਾਂ ਤੋਂ ਵਾਕਫ਼ ਸੀ। ਬਾਬਾ ਬੰਦਾ ਸਿੰਘ ਦੀ ਹਿਦਾਇਤ ਮੁਤਾਬਕ ਉਸ ਇਲਾਕਿਆਂ 'ਚ ਐਲਾਨ ਕਰਵਾ ਤਾ, 'ਖੇਤ ਵਾਹੁਣ ਵਾਲਾ ਹੀ ਜ਼ਮੀਨ ਦਾ ਅਸਲ ਮਾਲਕ ਹੈ।' ਕਿਸੇ ਜਿਮੀਂਦਾਰ-ਚੌਧਰੀ ਨੂੰ ਕੁਸਕਣ ਨਾ ਦਿੱਤਾ। ਮੁਜ਼ਾਰੇ, ਰਾਹਕਾਂ ਨੂੰ ਭਾਈ ਬਾਜ਼ ਸਿੰਘ ਦੇ ਇਸ ਐਲਾਨ ਤੋਂ ਸੁੱਖ ਦਾ ਸਾਹ ਆਇਆ। ਜੋ ਕੋਈ ਜਿਮੀਂਦਾਰ ਕਿਸੇ ਕਿਸਾਨ ਨਾਲ ਵਧੀਕੀ ਕਰਦਾ ਤਾਂ ਉਹ ਬਾਜ਼ ਸਿੰਘ ਪਾਸ ਫਰਿਆਦੀ ਹੁੰਦਾ ਤੇ ਬਾਜ਼ ਸਿੰਘ ਦਾ ਪ੍ਰਭਾਵ ਅਜਿਹਾ ਸੀ ਕਿ ਜਿਮੀਂਦਾਰ ਤੇ ਪਿੰਡਾਂ ਦੇ ਚੌਧਰੀ ਉਸ ਸਾਹਮਣੇ ਬਿੱਲੀ ਬਣ ਜਾਂਦੇ। ਕਿਸਾਨਾਂ ਨੂੰ ਉਹਨਾਂ ਦੇ ਜ਼ਮੀਨਾਂ ਦੇ ਹੱਕ ਦਿਵਾਉਣ ਖ਼ਾਤਰ ਭਾਈ ਬਾਜ਼ ਸਿੰਘ ਦੀ ਇਲਾਕੇ 'ਚ ਇਕ ਚੰਗੇ ਪ੍ਰਬੰਧਕ ਵਜੋਂ ਉਪਮਾ ਹੋਣ ਲੱਗੀ। ਉਸ ਅਗਲਾ ਕੰਮ ਸ਼ਹਿਰ ਦੀ ਦਸ਼ਾ ਸੁਧਾਰਨ ਦਾ ਕੀਤਾ। ਸ਼ਹਿਰ ਨੂੰ ਹਰਿਆ-ਭਰਿਆ ਤੇ ਸਾਫ਼ ਸੁੰਦਰ ਬਣਾਉਣ 'ਚ ਬਾਜ਼ ਸਿੰਘ ਨੇ ਕੋਈ ਕਸਰ ਨਾ ਛੱਡੀ। ਕੋਈ ਵਿਅਕਤੀ ਪਹਿਲਾਂ ਸਰਹਿੰਦ ਆਉਂਦਾ ਸੀ ਤੇ ਹੁਣ ਸਰਹਿੰਦ ਆਉਂਦਾ, ਉਸਨੂੰ ਸ਼ਹਿਰ ਦੀ ਆਬੋ-ਹਵਾ 'ਚ ਜ਼ਮੀਨ-ਅਸਮਾਨ ਦਾ ਫ਼ਰਕ ਨਜ਼ਰ ਆਉਂਦਾ। ਸ਼ਹਿਰ 'ਚ ਭਾਂਤੀ ਭਾਂਤੀ ਦੇ ਖਿੜੇ ਫੁੱਲਾਂ ਦੀ ਖੁਸ਼ਬੋ ਨੇ ਵਜ਼ੀਰ ਸਿੰਘ ਦੇ ਬਦਬੂ ਭਰੇ ਕਾਰਨਾਮਿਆਂ ਅਤੇ ਡਰ ਤੋਂ ਲੋਕਾਂ ਦਾ ਪੜਦਾ ਚੁੱਕ ਦਿੱਤਾ ਸੀ। ਆਪਣੇ ਸੱਤ ਸਾਲਾਂ ਦੇ ਕਾਰਜਕਾਲ 'ਚ ਭਾਈ ਬਾਜ਼ ਸਿੰਘ ਨੇ ਸ਼ਹਿਰ ਤੇ ਆਲੇ-ਦੁਆਲੇ 'ਚ ਅਨੇਕਾਂ ਵਿਕਾਸ ਕਾਰਜ ਕੀਤੇ ਸਨ। ਘੱਟੋ-ਘੱਟ ਲੋਕਾਂ 'ਚੋਂ ਹੁਣ ਭੈਅ ਜਾਂਦਾ ਰਿਹਾ ਸੀ। ਹਰ ਥਾਂ ਫਤਿਹ ਤੇ ਸਤ ਸ੍ਰੀ ਅਕਾਲ ਦੇ ਨਾਅਰਿਆਂ ਦੀ ਗੂੰਜਾਰ ਸੀ ਅਤੇ ਸ਼ਬਦ ਦਾ ਪ੍ਰਕਾਸ਼ ਸੀ। ਦੇਵ-ਮੰਦਰਾਂ 'ਚ ਲੋਕਾਂ ਦਾ ਆਉਣ-ਜਾਣ ਵਧਿਆ ਸੀ ਤੇ ਟੱਲ ਦੀ ਆਵਾਜ਼ ਹੁਣ ਦੂਰ ਤਕ ਸੁਣਾਈ ਦਿੰਦੀ ਸੀ। ਖੇਤਾਂ

'ਚ ਮਹਿਕਾਰ ਸੀ ਤੇ ਸ਼ਹਿਰ 'ਚ ਸਫ਼ਾਈ। ਦੂਰੋਂ-ਨੇੜਿਓਂ ਆਉਣ ਵਾਲੇ ਕਿਸੇ ਮੁਲਾਕਾਤੀ ਨੂੰ ਹੁਣ ਝੁਕ ਕੇ ਤਿੰਨ ਵਾਰ ਸਲਾਮ ਕਰਨ ਦੀ ਲੋੜ ਨਹੀਂ ਸੀ, ਜਦ ਉਸ ਦਰਬਾਰ 'ਚ ਪਹੁੰਚ ਗੱਜ ਕੇ ਫ਼ਤਿਹ ਬੁਲਾਈ ਤਾਂ ਸਮਝੋ ਉਸਦਾ ਮਸਲਾ ਹਲ ਹੋ ਗਿਆ। ਪਰ ਇਸਦਾ ਇਹ ਮਤਲਬ ਨਹੀਂ ਭਾਈ ਬਾਜ਼ ਸਿੰਘ ਦੇ ਦਰਬਾਰ 'ਚ ਦੂਜੇ ਮਜ਼ਹਬਾਂ ਵਾਲਿਆਂ ਨਾਲ ਕੋਈ ਵਿਤਕਰਾ ਸੀ। ਸਮਦ੍ਰਿਸ਼ਟੀ ਰੱਖਣ ਵਾਲੇ ਗੁਰੂ ਦੇ ਸਿੱਖਾਂ ਨੇ ਦੂਸਰਿਆਂ ਨੂੰ ਆਪਣਿਆਂ ਨਾਲੋਂ ਵਧ ਗੱਲ੍ਹ ਲਾਇਆ ਤੇ ਉਹਨਾਂ ਦੀਆਂ ਮੁਸੀਬਤਾਂ ਨੂੰ ਪਹਿਲਾਂ ਹਲ ਕੀਤਾ। ਦੂਰ-ਨੇੜੇ ਪਿੰਡਾਂ-ਸ਼ਹਿਰਾਂ 'ਚ ਵੱਸਦੇ ਲੋਕਾਂ ਨੂੰ ਭਾਈ ਬਾਜ਼ ਸਿੰਘ ਦੀ ਫਰਾਖ਼ਦਿਲੀ ਨੇ ਆਕਰਸ਼ਿਤ ਕਰ ਲਿਆ ਸੀ। ਇਤਿਹਾਸ ਦੇ ਸੁਨਹਿਰੀ ਪਟਲ ਤੇ ਭਾਈ ਬਾਜ਼ ਸਿੰਘ ਦਾ ਨਾਂ ਇਕ ਰਣਜੇਤੂ ਯੋਧੇ ਦੇ ਤੌਰ ਤੇ ਹੀ ਨਹੀਂ, ਇਕ ਸਫ਼ਲ ਪ੍ਰਬੰਧਕ ਵਜੋਂ ਵੀ ਉਘੜਿਆ।

ਆਪਣੇ ਸੱਤ ਸਾਲਾਂ ਦੇ ਰਾਜ-ਪ੍ਰਬੰਧ 'ਚ ਭਾਈ ਬਾਜ਼ ਸਿੰਘ ਨੇ ਪ੍ਰਬੰਧਕੀ ਸੂਝ-ਬੂਝ ਅਤੇ ਖਾਲਸਾਈ ਮਹਿਕ ਨੂੰ ਚਹੁੰ ਪਾਸੇ ਬਿਖੇਰ ਦਿੱਤਾ ਸੀ। ਕਰਨਾਲ ਤੋਂ ਲੁਧਿਆਣੇ ਤਕ ਦੇ ਇਲਾਕੇ 'ਚੋਂ ਇਕ ਵੱਡੇ ਖੇਤਰ ਦਾ ਪ੍ਰਬੰਧ ਉਸਦੇ ਅਧੀਨ ਸੀ ਜਿਸ ਨੂੰ ਉਹ ਅੱਡ ਅੱਡ ਇਲਾਕਿਆਂ 'ਚ ਸਥਾਪਿਤ ਆਪਣੇ ਯੋਗ ਅਹਿਲਕਾਰਾਂ ਰਾਹੀਂ ਚਲਾਉਂਦਾ ਸੀ। ਬਾਜ਼ ਸਿੰਘ ਦੇ ਸੁਚੱਜੇ ਪ੍ਰਬੰਧਾਂ ਤੋਂ ਬਾਬਾ ਬੰਦਾ ਸਿੰਘ ਬਹਾਦਰ ਨਿਸ਼ਚਿੰਤ ਸੀ ਜੋ ਕਿ ਅਗਾਂਹ ਦੁਆਬਾ, ਮਾਝਾ ਤੇ ਪਹਾੜਾਂ ਨੂੰ ਖਾਲਸਾ ਰਾਜ 'ਚ ਮਿਲਾਉਣ 'ਚ ਸਿਰ ਧੜ ਦੀ ਬਾਜ਼ੀ ਲਾ ਰਿਹਾ ਸੀ।

ਭਾਈ ਬਾਜ਼ ਸਿੰਘ ਦੇ ਰਾਜ-ਪ੍ਰਬੰਧ 'ਚ ਭਾਵੇਂ ਸਾਰੇ ਧਰਮਾਂ-ਜਾਤਾਂ ਦੇ ਲੋਕ ਰਹਿੰਦੇ ਸਨ ਪਰ ਹੁਣ ਅਜਿਹਾ ਨਹੀਂ ਸੀ ਕਿ ਕਿਸੇ ਪਿੰਡ ਜਾਂ ਸ਼ਹਿਰ ਦਾ ਨਵਾਬ ਕਿਸੇ ਗ਼ਰੀਬ ਦੀ ਸੁੰਦਰ ਧੀ-ਭੈਣ ਨਾਲ ਕਿਸੇ ਕਿਸਮ ਦੀ ਜ਼ਬਰਦਸਤੀ ਕਰ ਸਕਦਾ। ਭਾਈ ਬਾਜ਼ ਸਿੰਘ ਦੇ ਦੁਸ਼ਮਣ ਤੇ ਝਪਟ ਪੈਣ ਦੀ ਦਲੇਰੀ ਤੋਂ ਹਰ ਕੋਈ ਵਾਕਿਫ਼ ਸੀ। ਅਨੇਕਾਂ ਅਜਿਹੇ ਮਨ-ਭਾਂਦਰੂੰਆਂ ਤੇ ਟੇਢਚਾਲੀਆਂ ਨੂੰ ਉਸ ਲੋਕਾਂ ਸਾਹਮਣੇ ਹੀ ਸੋਧਿਆ ਸੀ ਮਤੇ ਕੋਈ ਮੁੜ ਇਸ ਕਿਸਮ ਦੀ ਹਿਮਾਕਤ ਕਰੇ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜੇ ਕਿਸੇ ਦਾ ਪੰਜਾਬ 'ਚ ਪ੍ਰਭਾਵ ਸੀ ਤਾਂ ਉਹ ਭਾਈ ਬਾਜ਼ ਸਿੰਘ ਸੀ। ਭਾਈ ਬਾਜ਼ ਸਿੰਘ ਨੂੰ ਲੋਕ ਬਾਬੇ ਬੰਦੇ ਦਾ ਸੱਜਾ ਹੱਥ ਵੀ ਕਹਿੰਦੇ ਸਨ ਕਿਉਂਕਿ ਸਰਹਿੰਦ ਫ਼ਤਿਹ ਕਰਨ ਤੋਂ ਪਹਿਲਾਂ ਤਮਾਮ ਲੜਾਈਆਂ 'ਚ ਉਹ ਬਾਬੇ ਬੰਦੇ ਨਾਲ ਅੱਗੇ ਹੋ ਜੂਝਿਆ ਸੀ। ਅੱਜ ਉਸ ਤੇ ਸਰਹਿੰਦ ਸੂਬੇ ਦੀ ਪ੍ਰਬੰਧਕੀ ਜ਼ਿੰਮੇਵਾਰੀ ਸੀ, ਸ਼ਕਤੀ ਦਾ ਵਹਿਣ ਉਸਾਰੀ ਵਲ ਵਹਿ ਤੁਰਿਆ ਸੀ।

ਸਿਆਣੇ ਕਹਿੰਦੇ ਹਨ ਦਿਨ ਕਦੇ ਵੀ ਇੱਕੋ ਜਿਹੇ ਨਹੀਂ ਰਹਿੰਦੇ। ਬਾਬੇ ਬੰਦੇ ਦੀਆਂ ਜਿੱਤਾਂ ਤੋਂ ਸਮੇਂ ਦਾ ਹੁਕਮਰਾਨ ਬਹਾਦਰ ਸ਼ਾਹ ਬਹੁਤ ਪਰੇਸ਼ਾਨ ਸੀ। ਉਸ ਪੰਜਾਬ, ਜੰਮੂ ਤੇ ਪਹਾੜੀ ਰਾਜਿਆਂ ਦੇ ਨਾਂ ਬਾਬੇ ਬੰਦੇ ਖ਼ਿਲਾਫ਼ ਸਾਂਝੇ ਹੱਲੇ ਦਾ ਆਦੇਸ਼ ਜਾਰੀ ਕੀਤਾ। ਭਾਈ ਬਾਜ਼ ਸਿੰਘ ਨੂੰ ਵੀ ਵੱਡੀ ਗਿਣਤੀ 'ਚ ਸ਼ਾਹੀ ਸੈਨਾ ਦੇ ਆਉਣ ਦਾ ਪਤਾ ਲੱਗਾ। ਵੱਸੇ ਹੋਏ ਹਰੇ-ਭਰੇ ਗੁਲਾਬੀ ਚਮਨ ਤੇ ਕਾਲੇ ਬੱਦਲ ਚੜ੍ਹ ਆਏ ਸਨ। ਭਾਈ ਬਾਜ਼ ਸਿੰਘ ਕੋਲ ਭਾਵਾਂ ਫ਼ੌਜ ਥੋੜ੍ਹੀ ਸੀ ਪਰ ਉਸ ਸ਼ਾਹੀ ਫ਼ੌਜ ਦਾ ਮੁਕਾਬਲਾ ਕੀਤਾ। ਹੁਣ ਵੇਲਾ ਸੀ ਬਾਬੇ ਬੰਦੇ ਦੀ ਫ਼ੌਜ ਦੇ ਸਭ ਸਰਦਾਰ ਬਹਾਦਰ ਇਕੱਠੇ ਹੁੰਦੇ ਤੇ ਸ਼ਾਹੀ ਫ਼ੌਜ ਦਾ ਮੁਕਾਬਲਾ ਕਰਦੇ। ਆਖ਼ਰ ਬਾਬੇ ਬੰਦੇ ਦੀ ਅਗਵਾਈ 'ਚ ਸਭ ਮੁੜ ਇਕੱਠੇ ਹੋਏ ਤੇ ਸ਼ਾਹੀ ਸੰਘਰਸ਼ ਦੌਰਾਨ ਗੁਰਦਾਸ ਨੰਗਲ ਦੀ ਗੜ੍ਹੀ 'ਚ ਘਿਰ ਗਏ। ਕਈ ਮਹੀਨਿਆਂ ਦੀ ਘੇਰਾਬੰਦੀ ਪਿੱਛੋਂ ਸ਼ਾਹੀ ਫ਼ੌਜਾਂ ਨੇ ਇਸ ਵਿਚ ਮਾੜੇ ਹਾਲਾਤਾਂ 'ਚ ਰਹਿ ਰਹੇ 740 ਸਿੰਘਾਂ ਨੂੰ ਹਮਲਾ ਕਰਕੇ ਗ੍ਰਿਫ਼ਤਾਰ ਕਰ ਲਿਆ ਤੇ ਔਖੇ ਹਾਲਾਤਾਂ 'ਚ ਦਿੱਲੀ ਲਿਆਂਦਾ ਗਿਆ। ਹਾਲਤ ਸਭ ਦੀ ਮਾੜੀ ਸੀ ਪਰ ਦਿਲਾਂ ਵਿਚ ਪੰਥ ਪਿਛੇ ਕੁਰਬਾਨ ਹੋਣ ਦੀ ਭਾਵਨਾ 'ਚ ਕੋਈ ਕੂਣ-ਕਸਰ ਨਹੀਂ ਸੀ। 5 ਮਾਰਚ, 1716 ਨੂੰ ਇਹਨਾਂ ਸਿੰਘਾਂ ਦਾ ਕਤਲੇਆਮ ਸ਼ੁਰੂ ਹੋਇਆ ਤੇ 100-100 ਸਿੰਘਾਂ ਨੂੰ ਰੋਜ਼ ਕਤਲ ਕੀਤਾ ਜਾਂਦਾ ਤੇ ਅਖ਼ੀਰ 9 ਜੂਨ, 1716 ਨੂੰ ਭਾਈ ਬਾਜ਼ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ ਹੋਰ ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ। ਪ੍ਰਥਮ ਖਾਲਸਾ ਰਾਜ ਹੀ ਨਹੀਂ, ਇਕ ਕੁਸ਼ਲ ਪ੍ਰਬੰਧਕ ਤੇ ਸਿਰਲੱਥ ਯੋਧਾ ਵੀ ਸਾਡੇ ਤੋਂ ਖੁਸ ਗਿਆ।

ਇਤਿਹਾਸ 'ਚ ਜਿਕਰ ਆਉਂਦਾ ਹੈ ਆਖ਼ਰੀ 26 ਸਿੰਘਾਂ ਨੂੰ ਕਤਲਗਾਹ ਵਾਲੇ ਸਥਾਨ ਤੇ ਲਿਜਾਣ ਤੋਂ ਪਹਿਲਾਂ ਮੁਗ਼ਲ ਬਾਦਸ਼ਾਹ ਫਰੁਖ਼ਸੀਅਰ ਨੇ ਆਪਣੇ ਕੋਲ ਲਾਲ ਕਿਲ੍ਹੇ ਵਿਚ ਬੁਲਾਇਆ। ਬੇੜੀਆਂ ਵਿਚ ਜਕੜੇ ਇਨ੍ਹਾਂ ਭੁੱਖੇ-ਭਾਣੇ ਸਿੰਘਾਂ ਨੂੰ ਮੁਖ਼ਾਤਬ ਹੋ ਉਸ ਕਿਹਾ, "ਸੁਣਿਆ ਹੈ ਤੁਹਾਡੇ 'ਚ ਕੋਈ ਬਾਜ਼ ਸਿੰਘ ਹੈ ਜੋ ਬੜਾ ਫੁਰਤੀਲਾ ਤੇ ਬਹਾਦਰ ਹੈ ਤੇ ਉਸ ਤੇ ਉਸ ਦੇ ਗੁਰੂ ਦੀ ਬੜੀ ਕ੍ਰਿਪਾ ਹੈ, ਉਹ ਕੌਣ ਹੈ? ਲਗਾਤਾਰ ਪਿਛਲੇ ਕੁਝ ਮਹੀਨਿਆਂ ਦੀ ਸਖ਼ਤ ਕੈਦ, ਭੁੱਖ ਅਤੇ ਸਖ਼ਤੀਆਂ ਨਾਲ ਨਿਢਾਲ ਹੋਏ ਸਿੰਘਾਂ 'ਚ ਮੌਜੂਦ ਭਾਈ ਬਾਜ਼ ਸਿੰਘ ਬੋਲਿਆ, "ਮੈਂ ਹਾਂ ਬਾਜ਼ ਸਿੰਘ, ਗੁਰੂ ਦਾ ਇਕ ਨਿਮਾਣਾ ਸੇਵਕ।" ਫਰੁਖ਼ਸੀਅਰ ਨੇ ਕਿਹਾ "ਤੂੰ ਤੇ ਬੜਾ ਬਹਾਦਰ ਸੀ, ਵੈਰੀਆਂ ਤੇ ਬਾਜ਼ ਵਾਂਗ ਝਪਟਦਾ ਸੀ ਪਰ ਹੁਣ ਤੇ ਤੇਰੇ ਕੋਲੋਂ ਕੁਝ ਨੀ ਹੋ ਸਕਣਾ।" ਤਾਂ ਇਹ ਸੁਣ ਕੇ ਬਾਜ਼ ਸਿੰਘ ਨੂੰ ਰੋਹ ਚੜ੍ਹ ਗਿਆ। ਉਸ ਕਿਹਾ, "ਜੇ ਹੁਣ ਵੀ ਤੂੰ ਮੇਰੀਆਂ ਬੇੜੀਆਂ ਖੋਲ੍ਹ ਦਏਂ ਤਾਂ ਮੈਂ ਤੈਨੂੰ ਦਿਖਾ ਸਕਦਾ ਹਾਂ, ਬਾਜ਼ ਆਪਣੇ ਸ਼ਿਕਾਰ ਤੇ ਕਿਵੇਂ ਝਪਟਦਾ ਹੈ।" ਬੇੜੀਆਂ ਖੋਲਣ ਦਾ ਹੁਕਮ ਹੋਇਆ ਤੇ ਬੇੜੀਆਂ ਖੁੱਲਦਿਆਂ ਹੀ ਮਾੜੀ ਸ਼ਰੀਰਕ ਹਾਲਤ ਦੇ ਹੁੰਦਿਆਂ ਵੀ ਬਾਜ਼ ਸਿੰਘ ਦੇ ਅੰਦਰੋਂ ਕੋਈ ਅਗੰਮੀ ਜੋਸ਼ ਜਾਗਿਆ ਤੇ ਉਸ ਆਪਣੀ ਦਹਾੜ ਤੇ ਬੱਝੇ ਸੰਗਲਾਂ ਦੀ ਮਦਦ ਨਾਲ ਲਾਗੇ ਖਲੋਤੇ ਦੋ-ਤਿੰਨਾਂ ਨੂੰ ਰੇਹੜ ਦਿੱਤਾ। ਇਹ ਵੇਖ ਫਰੁਖ਼ਸੀਅਰ ਚੀਖਿਆ, "ਫੜੋ-ਫੜੋ ਇਸਨੂੰ, ਇਹ ਤੇ ਹਾਲੇ ਵੀ ਬਹੁਤ ਖ਼ਤਰਨਾਕ ਹੈ, ਕਈਆਂ ਨੂੰ ਮਾਰ ਮੁਕਾਏਗਾ। ਫੜ ਕੇ ਇਸਨੂੰ ਮੁੜ ਸੰਗਲਾਂ 'ਚ ਜਕੜ ਦਿਓ ਤੇ ਇਥੋਂ ਲਿਜਾ ਕੇ ਸ਼ਹੀਦ ਕਰ ਦਿਓ।" ਪਾਠਕ ਜਨੋਂ ਅੰਦਾਜ਼ਾ ਲਗ ਸਕਦਾ ਹੈ ਪਿਛਲੇ ਮਹੀਨਿਆਂ ਤੋਂ ਭੁੱਖੇ-ਭਾਣੇ ਤੇ ਅਨੇਕਾਂ ਮੁਸ਼ਕਿਲਾਂ-ਵਧੀਕੀਆਂ 'ਚੋਂ ਗੁਜ਼ਰ ਰਹੇ ਸਿੰਘ ਭਾਈ ਬਾਜ਼ ਸਿੰਘ ਦੀ ਆਤਮਾ ਕਿੰਨੀ ਬੁਲੰਦ ਸੀ ਕਿ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ, ਗ੍ਰਿਫ਼ਤਾਰੀ ਵੇਲੇ ਤੇ ਫਿਰ ਸ਼ਹੀਦ ਹੋਣ ਵੇਲੇ ਉਹ ਨਿਰਭੈ ਅਵਸਥਾ 'ਚ ਰਹੇ। ਨਿਰਭਓ ਪਰਮਾਤਮਾ ਦਾ ਸਿਮਰਨ ਕਰਨ ਵਾਲੇ ਤੇ ਨਿਰਭਓ ਗੁਰੂ ਤੋਂ ਵਰੋਸਾਏ ਭਾਈ ਬਾਜ਼ ਸਿੰਘ ਦਾ ਜੀਵਨ ਵੀ ਨਿਰਭੈਤਾ ਨੂੰ ਸਮਰਪਿਤ ਸੀ। ਅੱਜ ਜਦਕਿ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ ਤਾਂ ਉਹਨਾਂ ਦੇ ਸਾਥੀ ਉਸ ਸਿੱਖ ਜਰਨੈਲ ਨੂੰ ਵੀ ਯਾਦ ਕਰਨ ਦੀ ਲੋੜ ਹੈ ਜਿਨ੍ਹਾਂ ਆਪਣੇ ਸ਼ਕਤੀਸੰਪੰਨ ਅਤੇ ਪ੍ਰਬੰਧਕੀ ਕੁਸ਼ਲਤਾ ਸਹਿਤ ਸਿੱਖ ਇਤਿਹਾਸ ਦੀ ਦਿਸ਼ਾ ਤੇ ਦਸ਼ਾ ਨੂੰ ਮੋੜਨ 'ਚ ਮਹੱਤਵਪੂਰਨ ਰੋਲ ਅਦਾ ਕੀਤਾ।

❖ **ਮਨਿੰਦਰ ਸਿੰਘ ਸੋਨੀ**
**ਮੋ: 9891591206**

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੫੯, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੪}

ਵਡਹੰਸੁ ਮਹਲਾ ੩, ਚਉਪਦਾ ੬-੯

| ਮੂਲ | ਅਰਥ |
| --- | --- |
| ਵਡਹੰਸੁ ਮਹਲਾ ੩॥ ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ॥ ਗੁਰਮੁਖਿ ਸਾਚੇ ਲਗੈ ਧਿਆਨੁ॥੧॥ | ਗੁਰਮੁਖ ਨੂੰ ਸਚੁ, ਸੰਚਮ ਤੇ ਅਸਲੀ ਗਿਆਨ (ਪ੍ਰਾਪਤ ਹੁੰਦਾ ਹੈ, ਕਿਉਂਕਿ) ਗੁਰਮੁਖ ਦਾ ਧਿਆਨ ਸੱਚੇ (ਪ੍ਰਭੂ) ਵਿਚ ਲੱਗਾ ਰਹਿੰਦਾ ਹੈ॥੧॥ |
| ਗੁਰਮੁਖਿ ਮਨ ਮੇਰੇ ਨਾਮੁ ਸਮਾਲਿ॥ ਸਦਾ ਨਿਬਹੈ ਚਲੈ ਤੇਰੈ ਨਾਲਿ॥ਰਹਾਉ॥ | ਹੇ ਮੇਰੇ ਮਨ! ਗੁਰਮੁਖ (ਬਣਕੇ) ਨਾਮ ਨੂੰ ਸਿਮਰਦਾ ਰਹੁ, ਇਹ ਸਦਾ ਤੇਰੇ ਨਾਲ ਨਿਭੇਗਾ (ਤੇ ਅੰਤ ਤੇਰੇ ਨਾਲ) ਚੱਲੇਗਾ॥ਰਹਾਉ॥ |
| ਗੁਰਮੁਖਿ ਜਾਤਿ ਪਤਿ ਸਚੁ ਸੋਇ॥ ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ॥੨॥ | ਉਹੀ ਸੱਚਾ (ਪ੍ਰਭੂ) ਗੁਰਮੁਖ ਦੀ ਜਾਤ ਹੈ (ਉਹੀ) ਪਤਿ ਹੈ, ਗੁਰਮੁਖ ਦੇ ਅੰਦਰ ਪ੍ਰਭੂ (ਵਸਦਾ ਹੈ, ਉਹੀ ਉਨ੍ਹਾਂ ਦਾ) ਸਹਾਈ ਹੁੰਦਾ ਹੈ॥੨॥ |
| ਗੁਰਮੁਖਿ ਜਿਸਨੋ ਆਪਿ ਕਰੇ ਸੋ ਹੋਇ॥ ਗੁਰਮੁਖਿ ਆਪਿ ਵਡਾਈ ਦੇਵੈ ਸੋਇ॥੩॥ | ਜਿਸ ਨੂੰ (ਉਹ ਪ੍ਰਭੂ) ਆਪ ਗੁਰਮੁਖ ਬਣਾਵੇ ਸੋ ਬਣਦਾ ਹੈ, ਉਹੀ (ਪ੍ਰਭੂ) ਗੁਰਮੁਖ ਨੂੰ ਆਪ ਵਡਿਆਈ ਦੇਂਦਾ ਹੈ॥੩॥ |
| ਗੁਰਮੁਖਿ ਸਬਦੁ ਸਚੁ ਕਰਣੀ ਸਾਰੁ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ॥੪॥੬॥ | ਗੁਰਮੁਖ (ਆਪ) ਨਾਮ (ਰੂਪੀ) ਸੱਚੀ ਕਰਨੀ ਨੂੰ ਸੰਭਾਲਦਾ ਹੈ, ਹੇ ਨਾਨਕ! (ਉਸੇ ਨਾਮ ਨਾਲ ਓਹ ਗੁਰਮੁਖ (ਅਪਣੇ) ਪਰਵਾਰ ਨੂੰ ਉਧਾਰ ਲੈਂਦਾ ਹੈ॥੪॥੬॥ |

## Khalsa Raj on the Borders of Delhi

twelve. The heroic tales of the Sikhs must have appealed early to his imagination. Later as he grew up he read more in the texts of learned historians and wanted to build up a new India on Sikh ideals of heroism, self-sacrifice and martyrdom. The country needed many such freedom fighters to achieve its independence from foreign masters.

India is no longer a country under foreign subjection. We have achieved our independence. But even today we need courageous and selfless heroes like Guru Gobind Singh and Banda Bahadur to carry on the struggle against the many evils menacing our society like communalism, caste and gender discrimination. Tagore had wished the Punjab to lead the nation.

*Alakh Niranjan*
*Maharob uthe bandhan tute*
*Kare bhaibhanjan.*
*Baksher pashe ghana ullashe*
*Ash' baje Jhan Jhan*
*Punjab aji garaji uthilo Alakh niranjan.*

*('O the formless and the colourless'*
*Rises the cry and the bonds are snapped*
*And all the fear is gone.*
*The sword sings close to the heart*
*With a cry of intimacy*
*The Punjab today cries out in the name of*
*The formless and the colourless.)*

Courtesy : **ਬਾਬਾ ਬੰਦਾ ਸਿੰਘ ਬਹਾਦਰ: ਮਹਾਨ ਸਿੱਖ ਜਰਨੈਲ**

✧ ✧ ✧ ✧ ✧

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਦੇਸ਼ਾਂ-ਵਿਦੇਸ਼ਾਂ ਦੇ ਰੱਖਿਆ ਖੇਤਰ ’ਚ ਸਿੱਖ ਬੱਚੇ-ਬੱਚੀਆਂ ਦੀਆਂ ਪਹਿਲਕਦਮੀਆਂ

## ਲੈਫਟੀਨੈਂਟ ਆਕਾਸ਼ਦੀਪ ਸਿੰਘ ਨੂੰ ਥਲ ਸੈਨਾ ਮੁਖੀ ਵੱਲੋਂ ਸਨਮਾਨ



ਮਿਲਟਰੀ ਅਕੈਡਮੀ, ਦੇਹਰਾਦੂਨ ’ਚ ਪਾਸਿੰਗ ਆਊਟ ਪਰੇਡ ਦੌਰਾਨ ਪੰਜਾਬ ਦੇ ਕੈਡੇਟ ਆਕਾਸ਼ਦੀਪ ਸਿੰਘ ਢਿੱਲੋਂ ਨੂੰ ‘ਸਵੋਰਡ ਆਫ਼ ਆਨਰ’ ਸਨਮਾਨ ਦਿੰਦੇ ਹੋਏ ਥਲ ਸੈਨਾ ਮੁਖੀ ਜਨਰਲ ਐਮ.ਐਮ. ਨਰਵਾਣੇ। ਤਰਨ ਤਾਰਨ ਦਾ ਵਸਨੀਕ ਲੈਫਟੀਨੈਂਟ ਆਕਾਸ਼ਦੀਪ ਸਿੰਘ ਢਿੱਲੋਂ ਸੈਨਿਕ ਸਕੂਲ, ਕਪੂਰਥਲਾ ਦਾ ਵਿਦਿਆਰਥੀ ਹੈ। ਆਕਾਸ਼ਦੀਪ ਸਿੰਘ ਨੂੰ ‘ਸਵੋਰਡ ਆਫ਼ ਆਨਰ’ ਦਾ ਸਨਮਾਨ ਮਿਲਨ ਤੇ ਸੈਨਿਕ ਸਕੂਲ, ਕਪੂਰਥਲਾ ਦੇ ਪ੍ਰਿੰਸੀਪਲ ਕਰਨਲ ਵਿਕਾਸ ਮੋਹਨ ਨੇ ਇਸ ਨੂੰ ਬਹੁਤ ਹੀ ਮਾਣ ਵਾਲੀ ਗੱਲ ਕਿਹਾ ਹੈ।

## ਅਨਮੋਲ ਕੌਰ ਨਾਰੰਗ ਬਣੀ ਅਮਰੀਕੀ ਮਿਲਟਰੀ ਅਕੈਡਮੀ ਦੀ ਪਹਿਲੀ ਸਿੱਖ ਮਹਿਲਾ ਗ੍ਰੈਜੂਏਟ



ਵੈਸਟ ਪੁਆਇੰਟ ਦੀ ਅਮਰੀਕੀ ਮਿਲਟਰੀ ਅਕੈਡਮੀ ਤੋਂ ਪਹਿਲੀ ਸਿੱਖ ਮਹਿਲਾ ਅਨਮੋਲ ਕੌਰ ਨਾਰੰਗ ਨੇ ਆਪਣੀ ਚਾਰ ਸਾਲ ਦੀ ਡਿਗਰੀ ਪੂਰੀ ਕਰਕੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਜੌਰਜੀਆ ਦੇ ਰੋਜ਼ਵੈਲ ਵਿਚ ਜੰਮੀ-ਪਲੀ ਅਨਮੋਲ ਕੌਰ ਨਾਰੰਗ ਡਿਗਰੀ ਪੂਰੀ ਕਰਨ ਤੋਂ ਬਾਅਦ ਸੈਕਿੰਡ ਲੈਫਟੀਨੈਂਟ ਬਣ ਗਈ ਹੈ। ਮਿਲਟਰੀ ਅਕੈਡਮੀ ਤੋਂ ਪਰਮਾਣੂ ਇੰਜਨੀਅਰਿੰਗ ਦੀ ਗ੍ਰੈਜੂਏਟ ਡਿਗਰੀ ਪੂਰੀ ਕਰਨ ਤੋਂ ਪਹਿਲਾਂ ਅਨਮੋਲ ਨੇ ਜੌਰਜੀਆ ਇੰਸਟੀਟਿਊਟ ਆਫ਼ ਟੈਕਨਾਲੋਜੀ ਵਿਚ ਇਕ ਵਰ੍ਹੇ ਦੀ ਅੰਡਰ-ਗ੍ਰੈਜੂਏਟ ਪੜ੍ਹਾਈ ਕੀਤੀ ਸੀ।

## ਭਾਰਤੀ ਏਅਰ ਫ਼ੋਰਸ ’ਚ ਫਲਾਇੰਗ ਆਫ਼ੀਸਰ ਹਰ ਰਾਜ ਕੌਰ ਬੋਪਾਰਾਇ



ਏਅਰ ਫ਼ੋਰਸ ਅਕੈਡਮੀ, ਡੂੰਡੀਗਲ ’ਚ ਫਲਾਇਟ ਕੈਡੇਟਸ ਦੀ ਪ੍ਰੀ-ਕਮਿਸ਼ਨਿੰਗ ਟਰੇਨਿੰਗ ਪੂਰੀ ਕਰਨ ਵਾਲੀਆਂ 23 ਮਹਿਲਾ ਕੈਡੇਟਸ ’ਚ ਪੰਜਾਬ ਤੋਂ ਹਰ ਰਾਜ ਕੌਰ ਬੋਪਾਰਾਇ ਦਾ ਨਾਂ ਸ਼ਾਮਿਲ ਹੈ। ਫਲਾਇੰਗ ਆਫ਼ੀਸਰ ਹਰ ਰਾਜ ਕੌਰ ਬੋਪਾਰਾਇ ਜੋ ਇਸ ਟਰੇਨਿੰਗ ’ਚ ਦੂਜੀ ਸਭ ਤੋਂ ਵਧੀਆ ਸਿਖਿਆਰਥੀ ਰਹੀ, ਇਸ ਤੋਂ ਪਹਿਲਾਂ ਪੰਜਾਬ ਦੀ ਇਕ ਬਹੁਕੌਮੀ ਕੰਪਨੀ Deloitte ’ਚ ਇੰਜੀਨੀਅਰ ਸੀ। ਆਪਣੀ ਇਸ ਚੋਣ ਤੇ ਉਸ ਕਿਹਾ ਕਿ ਉਸ ਨੂੰ ਕਦੇ ਡੈਸਕ ਤੇ ਬੈਠ ਕੇ ਕੰਮ ਕਰਨਾ ਪਸੰਦ ਨਹੀਂ ਸੀ। ਉਸਦੀ ਪ੍ਰਬਲ ਇੱਛਾ ਸੀ ਕਿ ਉਹ ਇਕ ਹਥਿਆਰਬੰਦ ਫ਼ੌਜ ਆਫ਼ੀਸਰ ਵਜੋਂ ਦੇਸ਼ ਦੀ ਸੇਵਾ ਕਰੇ ਜਿਸ ਨੂੰ ਕਿ ਹੁਣ ਬੂਰ ਪਿਆ ਹੈ। ਉਸ ਨੂੰ ਏਅਰ ਫ਼ੋਰਸ ਅਕੈਡਮੀ ਦੇ ਟਰਾਂਸਪੋਰਟ ਵਿੰਗ ’ਚ ਨਿਯੁਕਤੀ ਮਿਲ ਗਈ ਹੈ।